# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 155 | Tuesday, August 13, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਪਰਵਾਸੀਆਂ ਲਈ ਕਾਨੂੰਨੀ ਸਹਾਇਤਾ ਵਿੱਚ ਫੋਰਡ ਵੱਲੋਂ ਕੀਤੀ ਕਟੌਤੀ ਦੀ ਟਰੂਡੋ ਵੱਲੋਂ ਨਿਖੇਧੀ

## ਟਰੂਡੋ ਵੱਲੋਂ ਰਫਿਊਜੀ ਤੇ ਇਮੀਗ੍ਰੇਸ਼ਨ ਮਾਮਲਿਆਂ ਲਈ ਕਾਨੂੰਨੀ ਮਦਦ ਵਾਸਤੇ 26.8 ਮਿਲੀਅਨ ਡਾਲਰ ਦਾ ਐਲਾਨ

ਓਨਟਾਰੀਓ, 12 ਅਗਸਤ (ਪੋਸਟ ਬਿਊਰੋ) : ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਰਫਿਊਜੀ ਤੇ ਇਮੀਗ੍ਰੇਸ਼ਨ ਮਾਮਲਿਆਂ ਲਈ ਇੱਕਵਾਰਗੀ ਕਾਨੂੰਨੀ ਮਦਦ ਵਾਸਤੇ 26.8 ਮਿਲੀਅਨ ਡਾਲਰ ਦਾ ਐਲਾਨ ਕੀਤਾ ਗਿਆ।


ਉਨ੍ਹਾਂ ਆਖਿਆ ਕਿ ਅਸੀਂ ਇਸ ਸਾਲ 26.8 ਮਿਲੀਅਨ ਡਾਲਰ ਨਿਵੇਸ਼ ਕਰਕੇ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਓਨਟਾਰੀਓ ਵਿੱਚ ਇਮੀਗ੍ਰੈਂਟਸ ਤੇ ਰਫਿਊਜੀਜ਼ ਨੂੰ ਕਾਨੂੰਨੀ ਸਹਾਇਤਾ ਸਬੰਧੀ ਸੇਵਾਵਾਂ ਮਿਲਦੀਆਂ ਰਹਿਣ। ਟੋਰਾਂਟੋ ਵਿੱਚ ਪਾਰਕਡੇਲ ਇੰਟਰਕਲਚਰਲ ਐਸੋਸਿਏਸ਼ਨ ਦੇ ਟੂਰ ਦੌਰਾਨ ਟਰੂਡੋ ਨੇ ਇਹ ਐਲਾਨ ਕੀਤਾ। ਇੱਕ ਪ੍ਰੈੱਸ ਰਲੀਜ਼ ਅਨੁਸਾਰ ਇਸ ਫੰਡ ਨੂੰ ਵੰਡ ਕੇ ਮੁਹੱਈਆ ਕਰਵਾਇਆ ਜਾਵੇਗਾ। ਇਨ੍ਹਾਂ ਫੰਡਾਂ ਵਿੱਚੋਂ ਓਨਟਾਰੀਓ ਨੂੰ



25.7 ਮਿਲੀਅਨ, ਬ੍ਰਿਟਿਸ਼ ਕੋਲੰਬੀਆ ਨੂੰ 1.16 ਮਿਲੀਅਨ ਤੇ ਮੈਨੀਟੋਬਾ ਨੂੰ 0.02 ਮਿਲੀਅਨ ਫੰਡ ਮੁਹੱਈਆ ਕਰਵਾਏ ਜਾਣਗੇ। ...ਬਾਕੀ ਪੰਨਾ 6 'ਤੇ

# ਹਾਈਵੇਅ 401 ਉੱਤੇ ਹੋਏ ਹਾਦਸੇ ਵਿੱਚ ਦੋ ਹਲਾਕ

## ਪੰਜਾਬੀ ਮੂਲ ਦੇ ਗੋਨੀ ਬਰਾੜ ਦੀ ਹੋਈ ਮੌਤ



ਮਿਸੀਸਾਗਾ, 12 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਐਤਵਾਰ ਸ਼ਾਮ ਨੂੰ ਹਾਈਵੇਅ 401 ਉੱਤੇ ਤਿੰਨ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਡਿਕਸੀ ਰੋਡ ਨੇੜੇ ਹਾਈਵੇਅ 401 ਉੱਤੇ ਇਹ ਹਾਦਸਾ ਰਾਤੀਂ 9:30 ਦੇ ਨੇੜੇ ਤੇੜੇ ਵਾਪਰਿਆ। ਇਸ ਹਾਦਸੇ ਵਿੱਚ ਤਿੰਨ ਗੱਡੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਇੱਕ ਟਰਾਂਸਪੋਰਟ ਟਰੱਕ ਵੀ ਸੀ। ...ਬਾਕੀ ਪੰਨਾ 6 'ਤੇ

# ਪੰਜਾਬੀ ਪੋਸਟ ਦੇ ਸਲਾਨਾ ਬਾਰਬੀਕਿਊ ਉਤੇ ਪ੍ਰੀਮੀਅਰ ਡੱਗ ਫੋਰਡ ਸਮੇਤ ਪੀਸੀ, ਲਿਬਰਲ, ਐਨਡੀਪੀ, ਬਰੈਂਪਟਨ ਕੌਂਸਲ ਅਤੇ ਭਾਰਤੀ ਕੌਂਸਲ ਜਨਰਲ ਦੇ ਨੁਮਾਇੰਦਿਆਂ ਨੇ ਗਰੇਵਾਲ ਪਰਿਵਾਰ ਨੂੰ ਦਿੱਤੀਆਂ ਸ਼ੁਭ ਇੱਛਾਵਾਂ

ਬਰੈਂਪਟਨ, 12 ਅਗਸਤ (ਪੋਸਟ ਬਿਊਰੋ)- ਕੈਨੇਡੀਅਨ ਪੰਜਾਬੀ ਪੋਸਟ ਦੇ ਰੋਜ਼ਾਨਾ ਪਬਲੀਕੇਸ਼ਨ ਦੇ 17 ਸਾਲ ਪੂਰੇ ਹੋ ਚੁੱਕੇ ਹਨ ਅਤੇ 18ਵਾਂ ਸਾਲ ਸ਼ੁਰੂ ਹੋ ਚੁੱਕਿਆ ਹੈ। ਇਸ ਮੌਕੇ ਗਰੇਵਾਲ ਪਰਿਵਾਰ ਵਲੋਂ ਉਨ੍ਹਾਂ ਸਾਰੇ ਸਹਿਯੋਗੀਆਂ ਦਾ, ਜਿਨ੍ਹਾਂ ਇਸ ਅਦਾਰੇ ਅਤੇ ਗਰੇਵਾਲ ਪਰਿਵਾਰ ਨੂੰ ਸਮੇਂ-ਸਮੇਂ ਸਿਰ ਉਤੇ ਸਿਆਸੀ ਹਿਮਾਇਤ ਕੀਤੀ, ਉਨ੍ਹਾਂ ਦਾ ਧੰਨਵਾਦ ਕਰਨ ਲਈ ਆਪਣੇ ਗ੍ਰਹਿ ਵਿਖੇ ਬਾਰਬੀਕਿਊ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿਚ ਭਾਈਚਾਰੇ ਦੇ ਹਰ ਵਰਗ ਤੋਂ ਕਰੀਬ 500 ਲੋਕਾਂ ਨੇ



ਸ਼ਮੂਲੀਅਤ ਕੀਤੀ। ਉਨ੍ਹਾਂ ਦੇ ਨਾਲ ਮੰਤਰੀ ਪ੍ਰਭਮੀਤ ਸਰਕਾਰੀਆ, ਐਮਪੀਪੀ ਅਮਰਜੋਤ ਸੰਧੂ ਤੇ ਨੀਨਾ ਤਾਂਘੜੀ ਸ਼ਾਮਲ ਸਨ। ਓਂਟਾਰੀਓ ਸੂਬੇ ਦੇ ਪ੍ਰੀਮੀਅਰ ਡੱਗ ਫੋਰਡ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਗਰੇਵਾਲ ਪਰਿਵਾਰ ਵਲੋਂ ਭਾਈਚਾਰੇ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਚਾਹੇ ਯੋਗਦਾਨ ਸਿਆਸੀ ਤੌਰ ਉਤੇ ਜਾਂ ਫੇਰ ਸਮਾਜ ਸੇਵੀ ਕੰਮਾਂ ਦਾ ਰਿਹਾ ਹੋਵੇ। ਯਾਦ ਰਹੇ ਹਰਦੀਪ ਗਰੇਵਾਲ ਈਟੋਬੀਕੋਕ ਨਾਰਥ ਤੋਂ ਉਸ ਸਮੇ ਰਾਈਡਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਨ, ਜਦੋਂ ਡੱਗ ਫੋਰਡ ਚੋਣ ਜਿੱਤ ਕੇ ਪ੍ਰੀਮੀਅਰ ਬਣੇ ਸਨ। ਪ੍ਰੀਮਅਰ ਡੱਗ ਫੋਰਡ ਨੇ ਆਪਣੀ ਸਰਕਾਰ ਵਲੋਂ ਇੰਫਰਾਸਟ੍ਰਕਚਰ ਵਿਚ ਕੀਤੀ ਇਤਿਹਾਸਕ ਇੰਵੈਸਟਮੈਟ ਤੇ ਸੂਬੇ ਨੂੰ ਘਾਟੇ ਦੇ ਬਜਟ ਵਿਚੋਂ ਕੱਢਣ ਲਈ ਲਏ ਸਖਤ ਫੈਸਲਿਆਂ ਦਾ ਜ਼ਿਕਰ ਕੀਤਾ। ਇਨ੍ਹਾਂ ਤੋਂ ਇਲਾਵਾ ਟੋਰਾਂਟੋ ਸਥਿਤ ਭਾਰਤੀ ਕੌਂਸਲ ਜਨਰਲ ਦੇ ਦਫਤਰ ਤੋਂ ਡੀਪੀ ਸਿੰਘ ਨੇ ਸ਼ਮੂਲੀਅਤ ਕੀਤੀ ਤੇ ਗਰੇਵਾਲ ਪਰਿਵਾਰ ਨੂੰ ਰੋਜ਼ਾਨਾ ਪਬਲੀਕੇਸ਼ਨ ਉਤੇ ਸ਼ੁਭ ਇਛਾਵਾਂ ਦਿੱਤੀਆਂ। ...ਬਾਕੀ ਪੰਨਾ 16 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic.12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd / Mcvean Dr / Gore Rd / DENTISTRY / Squire Ellis Dr / Countryside Dr



# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



# TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill



# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets...................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931



# SASH FLEET HOLDING LTD

Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਹਾਂਗ ਕਾਂਗ ਵਿੱਚ ਲੋਕਾਂ ਦੀ ਕਾਂਗ ਆ ਗਈ,
ਸੁਣਿਆ ਫਿਕਰ ਦੇ ਵਿੱਚ ਕੁਝ ਚੀਨ ਬੇਲੀ।
ਲਾਇਆ ਸਖਤੀ ਰਿਵਾਇਤੀ ਦਾ ਜ਼ੋਰ ਸਾਰਾ,
ਸੁਣਦਾ ਓਧਰ ਨਹੀਂ ਕੋਈ ਇਹ ਬੀਨ ਬੇਲੀ।
ਹਵਾਈ ਅੱਡਾ ਤੱਕ ਘੇਰਿਆ ਕੱਲ੍ਹ ਸੁਣਿਆ,
ਪਲ-ਪਲ ਬਦਲਿਆ ਸੁਣੀਂਦਾ ਸੀਨ ਬੇਲੀ।
ਕਹਿ ਰਿਹਾ ਚੀਨ ਕਿ ਦਿੱਸ ਰਿਹਾ ਸਾਫ ਸਾਨੂੰ,
ਅਮਰੀਕੀ ਚਾਲਾਂ ਦਾ ਅੰਦਰ ਕੁਝ ਜੀਨ ਬੇਲੀ।
ਰਿਹਾ ਕੋਈ ਅਮਨ-ਕਾਨੂੰਨ ਨਾ ਨਜ਼ਰ ਆਵੇ,
ਬਾਜ਼ਾਰ-ਵਪਾਰ ਵੀ ਹੋਇਆ ਈ ਠੱਪ ਬੇਲੀ।
ਕਹਿ ਰਹੇ ਮਾਹਰ ਕਿ ਚੀਨ ਨਾ ਜਰਨ ਵਾਲਾ,
ਆ ਗਿਆ ਆਈ'ਤੇ, ਲਊ ਫਿਰ ਨੱਪ ਬੇਲੀ।

**ਤੀਸ ਮਾਰ ਖਾਂ**

# ਪਾਕਿਸਤਾਨੀ ਪੱਤਰਕਾਰ ਦਾ ਦਾਅਵਾ: ਕੰਟਰੋਲ ਰੇਖਾ ਵੱਲ ਤੁਰੀ ਜਾਂਦੀ ਹੈ ਪਾਕਿਸਤਾਨੀ ਫੌਜ



### * ਕਾਫਲੇ ਵਿੱਚ ਤੋਪਖਾਨਾ ਵੀ ਸ਼ਾਮਿਲ ਦੱਸਿਆ ਗਿਆ

ਇਸਲਾਮਾਬਾਦ, 12 ਅਗਸਤ, (ਪੋਸਟ ਬਿਊਰੋ)-ਪਾਕਿਸਤਾਨ ਦੇ ਸੀਨੀਅਰ ਪੱਤਰਕਾਰ ਹਾਮਿਦ ਮੀਰ ਦਾ ਦਾਅਵਾ ਹੈ ਕਿਪਾਕਿਸਤਾਨੀ ਫੌਜ ਭਾਰੀ ਗੋਲਾ-ਬਾਰੂਦ ਅਤੇ ਤੋਪਖਾਨੇ ਸਮੇਤਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਤੋਂ ਕੰਟਰੋਲ ਰੇਖਾ (ਐੱਲ ਓ ਸੀ) ਵੱਲਵਧ ਚੁੱਕੀ ਹੈ। ਹਾਮਿਦ ਮੀਰ ਨੇ ਇਕ ਟਵੀਟ ਰਾਹੀਂ ਪਾਕਿਸਤਾਨੀ ਫੌਜ ਦੀਆਂ ਗਤੀਵਿਧੀਆਂ ਬਾਰੇ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਦੇ ਲੋਕਾਂ ਤੋਂਸੁਣੇ ਹੋਣ ਦੀ ਗੱਲ ਕਹੀ ਹੈ।

ਇਸ ਸੰਬੰਧ ਵਿੱਚ ਅੱਜ ਏਥੇ ਹਾਮਿਦ ਮੀਰ ਨੇ ਕਿਹਾ ਕਿ ਕਸ਼ਮੀਰ ਵਿਚ ਰਹਿੰਦੇ ਦੋਸਤਾਂ ਤੋਂ ਫੋਨ ਉੱਤੇ ਮਿਲਦੀ ਜਾਣਕਾਰੀ ਮੁਤਾਬਕ ਸ਼ਨੀਵਾਰ ਰਾਤ ਤੋਂ ਪਾਕਿਸਤਾਨੀ ਫੌਜ ਭਾਰੀ ਤੋਪਖਾਨੇ ਨਾਲ ਐਲ ਓ ਸੀ ਵੱਲ ਵਧਦੀ ਪਈ ਹੈ। ਉਨ੍ਹਾਂ ਕਿਹਾ ਕਿ ਸਥਾਨਕ ਲੋਕ ਪਾਕਿਸਤਾਨੀ ਝੰਡੇ ਲਹਿਰਾਉਂਦੇ ਹੋਏ'ਕਸ਼ਮੀਰ ਬਣ ਜਾਵੇਗਾ ਪਾਕਿਸਤਾਨ' ਵਰਗੇ ਨਾਅਰਿਆਂ ਨਾਲ ਫੌਜ ਦਾ ਜ਼ੋਰਦਾਰ ਸਵਾਗਤ ਕਰ ਰਹੇ ਹਨ।

ਦੂਸਰੇ ਪਾਸੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਹਟਾਏ ਜਾਣ ਮਗਰੋਂ ਭਾਰਤ ਵਿਰੁੱਧ ਚਲਾਈ ਮੁਹਿੰਮਵਿੱਚ ਸਾਰੀ ਦੁਨੀਆ ਦੇਕਿਸੇ ਵੀ ਦੇਸ਼ ਤੋਂ ਹਮਾਇਤ ਹਾਸਲ ਨਾ ਕਰ ਸਕਣਤੋਂ ਬਾਅਦ ਪਾਕਿਸਤਾਨ ਦੀ ਬੌਖਲਾਹਟ ਵਧੀ ਜਾਂਦੀ ਹੈ ਤੇ ਪਾਕਿਸਤਾਨੀ ਆਗੂ ਲਗਾਤਾਰ ਗੈਰ ਜ਼ਿੰਮੇਵਾਰਾਨਾ ਬਿਆਨ ਦੇ ਕੇ ਮੁੱਦਾ ਭੜਕਾਉਣ ਲਈ ਕੋਸ਼ਿਸ਼ ਕਰ ਰਹੇ ਹਨ। ਅੱਜ ਅਬਦੁਲ ਬਾਸਿਤ, ਜਿਹੜੇਭਾਰਤ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਰਹਿ ਚੁੱਕੇ ਹਨ, ਨੇ ਭਾਰਤ ਨੂੰ ਜੰਗ ਦੀ ਧਮਕੀ ਦੇ ਦਿੱਤੀ ਹੈ। ਉਸ ਨੇ ਕਿਹਾ ਕਿ ਜੇ ਭਾਰਤ ਹੱਦ ਪਾਰ ਕਰੇ ਤਾਂ ਜੰਗ ਕਰਨੀ ਚਾਹੀਦੀ ਹੈ। ਅਬਦੁਲ ਬਾਸਿਤ ਨੇ ਟਵੀਟ ਕਰਕੇ ਕਿਹਾ ਕਿ ਕਸ਼ਮੀਰ ਵਿਚ ਸੰਘਰਸ਼ ਦੇ ਚਾਰ ਮੋਰਚੇ ਹਨ। ਪਹਿਲਾ, ਨੈਸ਼ਨਲ ਕਾਨਫਰੰਸ ਦੇ ਰਾਹੀਂ ਸੁਪਰੀਮ ਕੋਰਟ ਵਿਚ ਕਾਨੂੰਨੀ ਲੜਾਈ। ਦੂਸਰਾ, ਪਾਕਿਸਤਾਨ ਆਪਣੇ ਫੈਸਲੇ ਨਾਲ ਰਣਨੀਤਕ ਯਤਨ ਜਾਰੀ ਰੱਖੇ। ਤੀਸਰਾ, ਪਾਕਿਸਤਾਨੀ ਅਤੇ ਕਸ਼ਮੀਰੀ ਪ੍ਰਵਾਸੀ ਇਸ ਬਾਰੇ ਕੰਮ ਕਰਦੇ ਰਹਿਣ। ਚੌਥਾ ਅਤੇ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਕਸ਼ਮੀਰ ਵਿਚ ਰਾਜਨੀਤਕ ਲੜਾਈ ਨੂੰ ਪਾਕਿਸਤਾਨ ਕਮਜ਼ੋਰ ਨਾ ਹੋਣ ਦੇਵੇ ਤੇ ਜੇ ਭਾਰਤ ਆਪਣੀਆਂ ਹੱਦਾਂ ਪਾਰ ਕਰੇ ਤਾਂ ਫਿਰ ਜੰਗ ਵੱਲ ਵਧਿਆ ਜਾਵੇ। ਬਾਸਿਤ ਨੇ ਪਾਕਿ-ਸਤਾਨ ਸਰਕਾਰ ਤੋਂ ਜੰਮੂ-ਕਸ਼ਮੀਰ ਮਾਮਲਿਆਂ ਲਈ ਵਿਦੇਸ਼ ਮੰਤਰਾਲੇ ਦਾ ਵੱਖਰਾ ਸੈੱਲ ਬਣਾਉਣ ਦੀ ਮੰਗ ਵੀ ਕੀਤੀ ਅਤੇ ਕਿਹਾ ਕਿ ਇਸ ਦੀ ਅਗਵਾਈ ਵਿਸ਼ੇਸ਼ ਡਿਪਲੋਮੈਟ ਕਰਨ।

## ਮੈਕਲਿਓਡ, ਸ਼ਮੈਗੈਲਸਕੀ ਮਾਮਲੇ ਵਿੱਚ ਐਲਾਨ ਕਰੇਗੀ ਆਰਸੀਐਮਪੀ




ਬ੍ਰਿਟਿਸ਼ ਕੋਲੰਬੀਆ, 12 ਅਗਸਤ (ਪੋਸਟ ਬਿਊਰੋ) : ਬ੍ਰਿਟਿਸ਼ ਕੋਲੰਬੀਆ ਦੀ ਆਰਸੀਐਮਪੀ ਵੱਲੋਂ ਐਤਵਾਰ ਨੂੰ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਗਈ ਕਿ ਪ੍ਰੋਵਿੰਸ ਦੇ ਉੱਤਰ ਵੱਲ ਵਾਪਰੇ ਤੀਹਰੇ ਕਤਲ ਕਾਂਡ ਲਈ ਲੋੜੀਂਦੇ ਦੋ ਮਸ਼ਕੂਕਾਂ ਦੀਆਂ ਕਥਿਤ ਤੌਰ ਉੱਤੇ ਮਿਲੀਆਂ ਲਾਸ਼ਾਂ ਅਸਲ ਵਿੱਚ ਵੀ ਉਨ੍ਹਾਂ ਦੀਆਂ ਹੀ ਹਨ। ਇਨ੍ਹਾਂ ਲਾਸ਼ਾਂ ਦਾ ਪੋਸਟਮਾਰਟਮ ਭਾਵੇਂ ਕਰ ਲਿਆ ਗਿਆ ਹੈ ਪਰ ਇਸ ਬਾਰੇ ਰਿਪੋਰਟ ਦਾ ਖੁਲਾਸਾ ਸੋਮਵਾਰ ਨੂੰ ਹੀ ਹੋਵੇਗਾ। ਇਹ ਮੰਨਿਆ ਜਾ ਰਿਹਾ ਹੈ ਕਿ ਇਹ ਲਾਸ਼ਾਂ 19 ਸਾਲਾ ਕੈਮ ਮੈਕਲਿਓਡ ਤੇ 18 ਸਾਲਾ ਬ੍ਰਾਇਰ ਸ਼ਮੈਗੈਲਸਕੀ ਦੀਆਂ ਹਨ। ਇਹ ਲਾਸ਼ਾਂ ਬੁੱਧਵਾਰ ਨੂੰ ਉੱਤਰੀ ਮੈਨੀਟੋਬਾ ਦੀ ਨੈਲਸਨ ਰਿਵਰ ਨੇੜਿਓਂ ਮਿਲੀਆਂ ਸਨ। ਸ਼ਨਿੱਚਰਵਾਰ ਨੂੰ ਮੈਨੀਟੋਬਾ ਆਰਸੀਐਮਪੀ ਨੇ ਆਖਿਆ ਕਿ ਉਨ੍ਹਾਂ ਨੂੰ ਅਜਿਹੀ ਚੀਜ਼ ਮਿਲੀ ਹੈ ਜਿਹੜੀ ਉਨ੍ਹਾਂ ਦੀ ਜਾਂਚ ਲਈ ਬੜੇ ਕੰਮ ਦੀ ਹੋ ਸਕਦੀ ਹੈ। ਸਾਰਜੈਂਟ ਪਾਲ ਮੈਨੈਗਰੇ ਨੇ ਇੱਕ ਈਮੇਲ ਵਿੱਚ ਆਖਿਆ ਕਿ ਸ਼ੁੱਕਰਵਾਰ ਨੂੰ ਗਿਲਾਮ, ਮੈਨੀਟੋਬਾ ਦੇ ਨੇੜੇ ਛੇ ਪੁਲਿਸ ਅਧਿਕਾਰੀਆਂ ਨੇ ਜਾਂਚ ਦਾ ਕੰਮ ਮੁਕੰਮਲ ਕਰ ਲਿਆ ਸੀ। ਇੱਥੇ ਹੀ ਮੈਕਲਿਓਡ ਤੇ ਸ਼ਮੈਗੈਲਸਕੀ ਦੀ ਮ੍ਰਿਤਕ ਦੇਹ ਪਾਏ ਜਾਣ ਦਾ ਪਤਾ ਲੱਗਿਆ ਸੀ। ਲਾਸ਼ਾਂ ਦੀ ਸ਼ਨਾਖਤ ਤੇ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਦਾ ਕੰਮ ਵਿਨੀਪੈਗ ਵਿੱਚ ਕੀਤਾ ਜਾ ਰਿਹਾ ਹੈ। ਮੈਨੇਗਰੇ ਨੇ ਆਖਿਆ ਕਿ ਦੋਵਾਂ ਮਸ਼ਕੂਕਾਂ ਦੀ ਭਾਲ ਦਾ ਕੰਮ ਵਧਾ ਦਿੱਤਾ ਗਿਆ ਸੀ। ਜਿੱਥੇ ਸੜੀ ਹੋਈ ਗੱਡੀ ਮਿਲੀ ਸੀ ਉੱਥੋਂ ਤੋਂ ਲੈ ਕੇ ਜਿੱਥੇ ਲਾਸ਼ਾਂ ਮਿਲੀਆਂ ਉੱਥੋਂ ਤੱਕ ਅੱਠ ਕਿਲੋਮੀਟਰ ਦੇ ਦਾਇਰੇ ਵਿੱਚ ਜਾਂਚ ਕੀਤੀ ਗਈ।

# ਓਸਲਰ ਦੇ ਪੋਇਟ ਪ੍ਰੋਜੈਕਟ ਨੂੰ ਹੈਲਥ ਕੈਨੇਡਾ ਵੱਲੋਂ ਹਾਸਲ ਹੋਏ 1.5 ਮਿਲੀਅਨ ਡਾਲਰ ਦੇ ਫੰਡ




ਮਿਸੀਸਾਗਾ, 12 ਅਗਸਤ (ਪੋਸਟ ਬਿਊਰੋ) : ਹੈਲਥ ਕੈਨੇਡਾ ਦੇ ਹੈਲਥ ਕੇਅਰ ਪਾਲਿਸੀ ਕੌਂਟਰੀਬਿਊਸ਼ਨ ਪ੍ਰੋਗਰਾਮ ਤਹਿਤ ਨਿਵੇਸ਼ ਕੀਤੇ ਗਏ 1.5 ਮਿਲੀਅਨ ਡਾਲਰ ਸਦਕਾ ਮਿਸੀਸਾਗਾ-ਹਾਲਟਨ ਅਤੇ ਹੈਮਿਲਟਨ-ਨਾਇਗਰਾ ਰੀਜਨ ਵਿੱਚ ਲਾਂਗਟਰਮ ਕੇਅਰ ਫੈਸਿਲੀਟੀਜ਼ ਲਈ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਦੇ ਇਨੋਵੇਟਿਵ ਪ੍ਰਿਵੈਨਸ਼ਨ ਆਫ ਐਰਰ ਬੇਸਡ ਟਰਾਂਸਫਰਜ਼ (ਪੋਇਟ) ਪ੍ਰੋਜੈਕਟ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ।

ਇਸ ਪੈਸੇ ਨਾਲ ਪੋਇਟ ਸਾਊਥਵੈਸਟ ਸਪਰੈੱਡ ਪ੍ਰੋਜੈਕਟ- ਜੋ ਕਿ ਮੈਕਮਾਸਟਰ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ ਫੈਮਿਲੀ ਮੈਡੀਸਿਨ ਦਾ ਸਾਂਝਾ ਉੱਦਮ ਹੈ, ਨੂੰ ਫੰਡ ਮੁਹੱਈਆ ਕਰਵਾਉਣ ਵਿੱਚ ਮਦਦ ਮਿਲੇਗੀ। ਇਸ ਨਾਲ ਤਿੰਨ ਸਾਲਾਂ ਦੇ ਅਰਸੇ ਵਿੱਚ ਪੋਇਟ ਪ੍ਰੋਜੈਕਟ ਰੀਜਨ ਦੇ ਲੋਕਲ ਹੈਲਥ ਇੰਟੇਗ੍ਰੇਸ਼ਨ ਨੈੱਟਵਰਕਸ (ਐਲਐਚਆਈਐਨਜ-ਲ੍ਹਿਨ) ਤੱਕ ਫੈਲ ਜਾਵੇਗਾ। ਪੋਇਟ ਬਹੁਤ ਹੀ ਨਿਵੇਕਲੀ ਪਹਿਲਕਦਮੀ ਹੈ ਜਿਹੜੀ ਲਾਂਗ ਟਰਮ ਹੋਮਜ਼ ਤੇ ਹਸਪਤਾਲਾਂ ਦਰਮਿਆਨ ਗੈਰ ਲੋੜੀਂਦੀਆਂ ਤਬਦੀਲੀਆਂ ਨੂੰ ਰੋਕਦੀ ਹੈ। ਇਹ ਮਰੀਜ਼ਾਂ ਨੂੰ ਲਾਂਗ ਟਰਮ ਕੇਅਰ ਦੇਣ ਦੇ ਨਾਲ ਨਾਲ ਫਾਇਦਾ ਵੀ ਪਹੁੰਚਾਉਂਦੀ ਹੈ।

ਹੁਣ ਤੱਕ ਪੋਇਟ ਦੇ ਆਪਰੇਸ਼ਨ ਤਹਿਤ ਸੈਂਟਰ ਵੈਸਟ ਲ੍ਹਿਨ ਵਿੱਚ ਵਾਰੀ ਵਾਰੀ ਕੀਤੀਆਂ ਜਾਣ ਵਾਲੀਆਂ ਅਜਿਹੀਆਂ ਤਬਦੀਲੀਆਂ ਵਿੱਚ 59 ਫੀ ਸਦੀ ਕਮੀ ਆਈ ਹੈ। ਪੋਇਟ ਪ੍ਰੋਜੈਕਟ ਨੂੰ ਹੈਲਥ ਕੁਆਲਿਟੀ ਓਨਟਾਰੀਓ ਦੇ ਆਈਡੀਆਜ਼ (ਇੰਪਰੂਵਿੰਗ ਐਂਡ ਡਰਾਈਵਿੰਗ ਐਕਸੀਲੈਂਸ ਐਕਰੌਸ ਸੈਕਟਰਜ਼)ਐਡਵਾਂਸਡ ਲਰਨਿੰਗ ਪ੍ਰੋਗਰਾਮ, ਸੈਂਟਰ ਫੌਰ ਏਜਿੰਗ ਪਲੱਸ ਬ੍ਰੇਨ ਹੈਲਥ ਇਨੋਵੇਸ਼ਨ ਵੱਲੋਂ ਵੀ ਸਮਰਥਨ ਹਾਸਲ ਹੈ ਇਹ ਬੇਅਕ੍ਰੈਸਟ ਨਾਲ ਲੈਸ ਹੈ ਤੇ ਐਕ੍ਰੇਡੇਸ਼ਨ ਕੈਨੇਡਾ ਲੀਡਿੰਗ ਪ੍ਰੈਕਟਿਸ ਇੰਡਵਿਜ਼ਿਊਲਾਈਜ਼ਡ ਸਮਰੀ ਵੀ ਤਿਆਰ ਕਰਕੇ ਦਿੰਦਾ ਹੈ।

ਕੁਆਲਿਟੀ, ਵਿਲੀਅਮ ਓਸਲਰ ਹੈਲਥ ਸਿਸਟਮ ਦੀ ਚੀਫ ਨਰਸਿੰਗ ਐਗਜ਼ੈਕੇਟਿਵ ਤੇ ਐਸੋਸਿਏਟ ਵਾਈਸ ਪ੍ਰੈਜ਼ੀਡੈਂਟ ਤਿਜੀਆਨਾ ਰਿਵੇਰਾ ਨੇ ਦੱਸਿਆ ਕਿ ਪੋਇਟ ਉੱਚ ਮਿਆਰੀ ਲਾਈਫ ਕੇਅਰ ਮੁਹੱਈਆ ਕਰਵਾਉਣ ਦੇ ਨਾਲ ਨਾਲ ਐਮਰਜੰਸੀ ਡਿਪਾਰਟਮੈਂਟ ਨੂੰ ਗੈਰਲੋੜੀਂਦੀਆਂ ਤੇ ਗੈਰਹਿਤਕਾਰੀ ਤਬਦੀਲੀਆਂ ਵੀ ਨਹੀਂ ਕਰਦਾ ਤੇ ਫੈਸਲੇ ਲੈਣ ਦੇ ਮਾਮਲੇ ਵਿੱਚ ਰੈਜ਼ੀਡੈਂਟਸ ਦੀ ਪੂਰੀ ਸੁਣੀ ਜਾਂਦੀ ਹੈ। ਹੈਲਥ ਕੈਨੇਡਾ ਦੇ ਇਸ ਨਿਵੇਸ਼ ਨਾਲ ਅਸੀਂ ਹੁਣ ਇਸ ਪ੍ਰੋਜੈਕਟ ਨੂੰ ਉਸ ਕਮਿਊਨਿਟੀ ਤੋਂ ਵੀ ਅਗਾਂਹ ਲਿਜਾ ਪਾ ਰਹੇ ਹਾਂ ਜਿਸ ਦੀ ਓਸਲਰ ਇਸ ਸਮੇਂ ਸੇਵਾ ਕਰ ਰਿਹਾ ਹੈ। ਪੋਇਟ ਨੂੰ ਸਾਂਝੇ ਤੌਰ ਉੱਤੇ ਓਸਲਰ ਦੇ ਡਾ. ਜਿੱਲ ਓਲੀਵਰ, ਹੈਲਥ ਕੇਅਰ ਐਥੀਸਿਸਟ ਤੇ ਡਾ. ਪੌਲਾ ਚਿਡਵਿੱਕ, ਡਾਇਰੈਕਟਰ, ਕਲੀਨਿਕਲ ਐਂਡ ਕਾਰਪੋਰੇਟ ਐਥਿਕਸ ਵੱਲੋਂ ਤਿਆਰ ਕੀਤਾ ਗਿਆ ਹੈ।

ਇਸ ਮੌਕੇ ਫੈਡਰਲ ਹੈਲਥ ਮੰਤਰੀ ਜਿਨੇਟ ਪੈਟਿਟਪਸ ਟੇਲਰ ਨੇ ਆਖਿਆ ਕਿ ਅਸੀਂ ਸਾਰੇ ਹੀ ਆਪਣੀ ਜ਼ਿੰਦਗੀ ਪੂਰੇ ਆਰਾਮ ਤੇ ਸਵੈਮਾਨ ਨਾਲ ਜਿਊਣ ਦਾ ਹੱਕ ਰੱਖਦੇ ਹਾਂ। ਅਸੀਂ ਅਜਿਹੀ ਸਾਂਭ ਸੰਭਾਲ ਦੇ ਹੱਕਦਾਰ ਵੀ ਹਾਂ ਜਿਹੜੀ ਸਾਡੀਆਂ ਇੱਛਾਵਾਂ ਤੇ ਕਦਰਾਂ ਕੀਮਤਾਂ ਦੇ ਹਿਸਾਬ ਦੀ ਹੋਵੇ। ਇਸ ਨਿਵੇਕਲੇ ਪ੍ਰੋਜੈਕਟ ਦਾ ਸਮਰਥਨ ਕਰਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਜਿਹੜਾ ਓਨਟਾਰੀਓ ਵਿੱਚ ਹੈਲਥ ਕੇਅਰ ਵਿੱਚ ਸੁਧਾਰ ਕਰਨ ਵਿੱਚ ਮਦਦ ਕਰੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਜਮਹੂਰੀਅਤ ਪੱਖੀ ਮੁਜ਼ਾਹਰਿਆਂ ਕਾਰਨ ਹਾਂਗ ਕਾਂਗ ਦੇ ਏਅਰਪੋਰਟ ਨੂੰ ਕੀਤਾ ਗਿਆ ਬੰਦ

### ਸਾਰੀਆਂ ਉਡਾਨਾਂ ਕੀਤੀਆਂ ਗਈਆਂ ਰੱਦ

ਹਾਂਗ ਕਾਂਗ, 12 ਅਗਸਤ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਹਾਂਗ ਕਾਂਗ ਦੇ ਜਮਹੂਰੀਅਤ ਪੱਖੀ ਹਜ਼ਾਰਾਂ ਮੁਜ਼ਾਹਰਾਕਾਰੀਆਂ ਵੱਲੋਂ ਦੁਨੀਆ ਦੇ ਸੱਭ ਤੋਂ ਮਸ਼ਰੂਫ ਰਹਿਣ ਵਾਲੇ ਏਅਰਪੋਰਟਸ ਵਿੱਚੋਂ ਇੱਕ ਅੰਦਰ ਦਾਖਲ ਹੋਣ ਤੋਂ ਬਾਅਦ ਸਾਰੀਆਂ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ।

ਹਾਂਗ ਕਾਂਗ ਦੇ ਇੰਟਰਨੈਸ਼ਨਲ ਏਅਰਪੋਰਟ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਸ ਤਰ੍ਹਾਂ ਦੇ ਮੁਜ਼ਾਹਰੇ ਕਾਰਨ ਸੱਚ-ਮੁੱਚ ਏਅਰਪੋਰਟ ਦੀ ਕਾਰਵਾਈ ਵਿੱਚ ਵਿਘਨ ਪਿਆ ਹੈ। ਜਮਹੂਰੀਅਤ ਪੱਖੀ ਸੁਧਾਰਾਂ ਅਤੇ ਪੁਲਿਸ ਦੀ ਕਾਰਵਾਈ ਦੀ ਜਾਂਚ ਦੀ ਮੰਗ ਨੂੰ ਲੈ ਕੇ ਹਾਂਗ ਕਾਂਗ ਵਿੱਚ ਦੋ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਮੁਜ਼ਾਹਰੇ ਚੱਲ ਰਹੇ ਸਨ। ਮੁਜ਼ਾਹਰਾਕਾਰੀਆਂ ਤੇ ਪੁਲਿਸ ਵੱਲੋਂ ਵੱਖ ਵੱਖ ਹੱਥਕੰਢੇ ਅਪਣਾਏ ਜਾ ਰਹੇ ਸਨ।

ਬੀਜਿੰਗ ਵਿੱਚ ਕੈਬਨਿਟਸ ਹਾਂਗ ਕਾਂਗ ਤੇ ਮਕਾਓ ਅਫੇਅਰਜ਼ ਆਫਿਸ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਹੈ ਕਿ ਹਾਂਗ ਕਾਂਗ ਵਿਚਲੇ ਹਾਲਾਤ ਹੁਣ ਅੱਤਵਾਦ ਨਾਲ ਮੇਲ ਖਾਣ ਲੱਗੇ ਹਨ ਤੇ ਇਸ ਨਾਲ ਹਾਂਗ ਕਾਂਗ ਦੀ ਆਬਾਦੀ ਨੂੰ ਵੀ ਖਤਰਾ ਖੜ੍ਹਾ ਹੋ ਗਿਆ ਹੈ। ਬੁਲਾਰੇ ਯੈਂਗ ਗੁਆਂਗ ਨੇ ਆਖਿਆ ਕਿ ਕਿਸੇ ਨਾ ਕਿਸੇ ਨੂੰ ਤਾਂ ਇਸ ਤਰ੍ਹਾਂ ਦੀਆਂ ਹਿੰਸਕ ਗਤੀਵਿਧੀਆਂ ਦੇ ਸਬੰਧ ਵਿੱਚ ਸਖ਼ਤ ਕਾਰਵਾਈ ਕਰਨੀ ਹੀ ਹੋਵੇਗੀ। ਇਸ ਦੌਰਾਨ ਕਿਸੇ ਤਰ੍ਹਾਂ ਦਾ ਰਹਿਮ ਨਹੀਂ ਕਰਨਾ ਚਾਹੀਦਾ।

ਜਿਨ੍ਹਾਂ ਜਹਾਜ਼ਾਂ ਉੱਤੇ ਲੋਕ ਸਵਾਰ ਹੋਣੇ ਸ਼ੁਰੂ ਹੋ ਗਏ ਸਨ ਜਾਂ ਜਿਨ੍ਹਾਂ ਨੂੰ ਲੈਂਡਿੰਗ ਲਈ ਇਜਾਜ਼ਤ ਦੇ ਦਿੱਤੀ ਗਈ ਸੀ ਸਿਰਫ ਉਨ੍ਹਾਂ ਨੂੰ ਹੀ ਏਅਰਪੋਰਟ ਦੇ ਰਨਵੇਅਜ਼ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਗਈ। ਬਾਕੀ ਸਾਰੀਆਂ ਉਡਾਨਾਂ ਦਿਨ ਭਰ ਲਈ ਰੱਦ ਕਰ ਦਿੱਤੀਆਂ ਗਈਆਂ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

# ਕਸ਼ਮੀਰ ਵਿੱਚ ਈਦ ਦਾ ਤਿਉਹਾਰ ਸੁੱਖ-ਸ਼ਾਂਤੀ ਨਾਲ ਲੰਘ ਗਿਆ





ਸ੍ਰੀਨਗਰ, 12 ਅਗਸਤ, (ਪੋਸਟ ਬਿਊਰੋ)-ਭਾਰਤ ਸਰਕਾਰ ਵੱਲੋਂ ਜੰਮੂ ਕਸ਼ਮੀਰ ਦਾਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਹਟਾਏ ਜਾਣ ਤੋਂ ਬਾਅਦ ਬਕਰੀਦ ਉੱਤੇ ਹਾਲਾਤ ਵਿਗੜਨ ਦਾ ਡਰ ਗ਼ਲਤ ਸਾਬਿਤ ਹੋਇਆ ਅਤੇ ਤਿਉਹਾਰ ਪੂਰੀ ਤਰ੍ਹਾਂ ਸੁਖ-ਸ਼ਾਂਤੀ ਨਾਲ ਲੰਘ ਗਿਆ। ਬਕਰੀਦ ਉੱਤੇ ਪਿਛਲੇ 30 ਸਾਲਾਂ ਵਿੱਚ ਪਹਿਲੀ ਵਾਰੀ ਨਾ ਕਸ਼ਮੀਰ ਵਿੱਚ ਕਿਸੇ ਥਾਂ ਪਾਕਿਸਤਾਨੀ ਝੰਡਿਆਂ ਨਾਲ ਜਲੂਸ ਨਿਕਲੇ ਅਤੇ ਨਾ ਹਿੰਸਾ ਹੋ ਸਕੀ ਹੈ।

ਜੰਮੂ-ਕਸ਼ਮੀਰ ਦੇ ਅਧਿਕਾਰੀਆਂ ਮੁਤਾਬਕ ਇਹ ਪਹਿਲੀ ਵਾਰਬਕਰੀਦਮੌਕੇ ਸੁਰੱਖਿਆ ਫੋਰਸਾਂ ਨੂੰ ਕੋਈ ਗੋਲ਼ੀ ਨਹੀਂ ਚਲਾਉਣੀ ਪਈ। ਮਿਲੀਆਂ ਰਿਪੋਰਟਾਂ ਮੁਤਾਬਕ ਜੰਮੂ ਤੋਂ ਕਸ਼ਮੀਰ ਤਕ ਸਭ ਇਲਾਕਿਆਂ ਦੇ ਲੋਕ ਆਪਣੇ ਨੇੜਲੀਆਂ ਮਸਜਿਦਾਂ ਵਿੱਚ ਵੱਡੀ ਗਿਣਤੀ ਵਿੱਚ ਨਮਾਜ਼ ਅਦਾ ਕਰਨ ਪਹੁੰਚੇ ਸਨ। ਵੱਡੀ ਗਿਣਤੀਸੁਰੱਖਿਆ ਫੋਰਸਾਂ ਦੇ ਤਾਇਨਾਤ ਹੋਣ ਨਾਲ ਤਿਉਹਾਰ ਮੌਕੇ ਉਸ ਤਰ੍ਹਾਂ ਦਾ ਮਾਹੌਲ ਨਹੀਂ ਦਿੱਸਿਆ, ਜਿਵੇਂ ਪਹਿਲਾਂ ਹਰ ਵਾਰੀ ਹੁੰਦਾ ਸੀ। ਉਂਝ ਕਸ਼ਮੀਰ ਦੇ ਕੁਝ ਇਲਾਕਿਆਂ ਵਿੱਚ ਪ੍ਰਦਰਸ਼ਨ ਹੋਏ, ਪਰ ਇਹ ਸ਼ਾਂਤੀਪੂਰਨ ਸਨ, ਇਨ੍ਹਾਂਦੇ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਸੂਚਨਾ ਨਹੀਂ ਅਤੇ ਸਭ ਕੁਝ ਆਮ ਵਾਂਗ ਰਿਹਾ। ਇਸ ਦੌਰਾਨ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅੱਜ ਸਾਰਾ ਦਿਨ ਕਸ਼ਮੀਰ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਖ਼ੁਦ ਜਾਇਜ਼ਾ ਲੈਂਦੇ ਰਹੇ। ਉਨ੍ਹਾਂ ਨੇ ਸ੍ਰੀਨਗਰ ਦੇ ਲਾਲ ਚੌਕ ਤੋਂ ਦੱਖਣੀ ਕਸ਼ਮੀਰ ਵਿਚਲੀ ਜਵਾਹਰ ਸੁਰੰਗ ਤਕ ਹਵਾਈ ਸਰਵੇ ਵੀ ਕੀਤਾ। ਰਾਜਵਿਚਲੇ ਸਭ ਤੋਂ ਸੰਵੇਦਨਸ਼ੀਲ ਇਲਾਕਿਆਂ ਵਿੱਚੋਂ ਸ੍ਰੀਨਗਰ ਵਿੱਚ ਹੀ ਨਹੀਂ, ਬਾਰਾਮੂਲਾ, ਕੁਪਵਾੜਾ, ਹੰਦਵਾੜਾ, ਬਾਂਦੀਪੋਰਾ, ਬਡਗਾਮ, ਸੋਪੋਰ, ਗਾਂਦਰਬਲ, ਪੁਲਵਾਮਾ, ਸ਼ੋਪੀਆਂ, ਅਨੰਤਨਾਗ ਅਤੇ ਕੁਲਗਾਮ ਵਿੱਚ ਵੀ ਈਦ ਦੀ ਨਮਾਜ਼ ਕਿਸੇ ਹੰਗਾਮੇ ਦੇ ਬਿਨਾ ਸ਼ਾਂਤੀ ਨਾਲ ਪੜ੍ਹੀ ਗਈ। ਬਾਰਾਮੂਲਾ ਵਿਚਲੀਆਂ ਤਿੰਨ ਮਸਜਿਦਾਂ ਵਿੱਚ 10 ਹਜ਼ਾਰ ਤੋਂਵੱਧ ਨਮਾਜ਼ੀ ਆਏ ਅਤੇ ਅਨੰਤਨਾਗ ਵਿੱਚ ਕਰੀਬ 14 ਹਜ਼ਾਰ ਨਮਾਜ਼ੀਆਂ ਨੇ ਲਾਲ ਚੌਕ ਨੇੜੇਮਸਜਿਦ ਵਿੱਚ ਨਮਾਜ਼ ਪੜ੍ਹੀ। ਈਦ ਦੇ ਮੌਕੇ ਸ਼ਰਾਰਤੀ ਤੋਂ ਬਚਾਅਮਕਸਦ ਲਈ ਕਸ਼ਮੀਰ ਵਾਦੀ ਵਿੱਚ ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਗਏ ਸਨ। ਸਾਰੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਡਿਊਟੀ ਮੈਜਿਸਟਰੇਟ ਤਾਇਨਾਤ ਸਨ। ਕਿਸੇ ਵੀ ਮਾੜੀ ਘਟਨਾ ਨਾਲ ਨਿਪਟਣ ਲਈ ਸੁਰੱਖਿਆ ਦਸਤਿਆਂ ਨੂੰ ਪੂਰੀ ਤਰ੍ਹਾਂ ਤਿਆਰ ਰੱਖਿਆ ਗਿਆ ਸੀ, ਪਰ ਕਿਤੇ ਕੁਝ ਮਾੜਾ ਨਹੀਂ ਹੋਇਆ। ਜੰਮੂ-ਕਸ਼ਮੀਰ ਪੁਲਿਸ ਦੇ ਖੁਫੀਆ ਵਿੰਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸਾਡੇ ਕੋਲ ਆਈਆਂ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਕਿਸੇ ਮਸਜਿਦ ਵਿੱਚ ਜੇਹਾਦੀ ਨਾਅਰਾ ਨਹੀਂ ਲੱਗਾ, ਕਿਸੇ ਥਾਂ ਪਾਕਿਸਤਾਨੀ ਝੰਡੇ ਅਤੇ ਅੱਤਵਾਦੀਆਂ ਦੇ ਪੋਸਟਰ ਵੀ ਨਹੀਂ ਦਿੱਸੇ। ਕਸ਼ਮੀਰ ਡਵੀਜ਼ਨ ਦੇ ਆਈ ਜੀ ਪੁਲਸ ਐੱਸਪੀ ਪਾਨੀ ਨੇ ਕਿਹਾ ਕਿ ਕਿਤੇ ਕੋਈ ਮਾੜੀ ਘਟਨਾ ਹੋਣ ਦੀ ਸੂਚਨਾ ਨਹੀਂ ਹੈ। ਸ੍ਰੀਨਗਰ ਦੇ ਡਿਪਟੀ ਕਮਿਸ਼ਨਰ ਡਾ. ਸ਼ਾਹਿਦ ਇਕਬਾਲ ਚੌਧਰੀ ਨੇ ਕਿਹਾ ਕਿ ਬਕਰੀਦ ਉੱਤੇ ਆਮ ਲੋਕਾਂ ਨੂੰ ਪਰੇਸ਼ਾਨੀ ਨਾ ਹੋਵੇ, ਇਸ ਲਈ ਅਸੀਂ ਖਾਸ ਪ੍ਰਬੰਧ ਕੀਤੇ ਸਨ ਅਤੇ ਹਾਲਾਤ ਪੂਰੀ ਤਰ੍ਹਾਂ ਸ਼ਾਂਤ ਹਨ।ਜੰਮੂ ਵਿੱਚ ਵੀ ਬਕਰੀਦ ਦਾ ਤਿਉਹਾਰ ਲੋਕਾਂ ਨੇ ਖ਼ੁਸ਼ੀ ਨਾਲ ਮਨਾਇਆ ਅਤੇ ਵੱਡੀ ਗਿਣਤੀ ਵਿੱਚ ਲੋਕ ਮਸਜਿਦਾਂ ਵਿੱਚ ਨਮਾਜ਼ ਅਦਾ ਕਰਨ ਪੁੱਜੇ। ਇਸ ਦੌਰਾਨ ਸੁਰੱਖਿਆ ਲਈਸ਼ਹਿਰ ਦੀਆਂ ਮੁੱਖ ਸੜਕਾਂਤੇ ਮੁਹੱਲਿਆਂ ਨੂੰ ਕੰਡਿਆਲੀ ਤਾਰ ਨਾਲ ਬੰਦ ਰੱਖਿਆ ਅਤੇ ਸੀਆਰਪੀ ਐੱਫ ਅਤੇ ਰੈਪਿਡ ਐਕਸ਼ਨ ਫੋਰਸ ਦੇ ਜਵਾਨ ਸਥਿਤੀ ਉੱਤੇ ਨਜ਼ਰ ਰੱਖ ਰਹੇ ਸਨ। ਬਕਰੀਦ ਦੀਆਂ ਖ਼ੁਸ਼ੀਆਂ ਸਾਂਝੀਆਂ ਕਰਨ ਦੇ ਲਈ ਈਦਗਾਹ ਮੈਦਾਨ ਰੈਜ਼ੀਡੈਂਸੀ ਰੋਡ ਉੱਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮਿੱਠੀਆਂ ਸੇਵੀਆਂ ਅਤੇ ਹਲਵੇ ਦਾ ਸਟਾਲ ਵੀ ਲਾਇਆ ਸੀ।

# ਈਦ ਮੌਕੇ ਕੈਪਟਨ ਅਮਰਿੰਦਰ ਨੇ ਕਸ਼ਮੀਰੀਆਂ ਦਾ ਦਰਦ ਸੁਣਿਆ

### * ਪੂਰਾ ਪੰਜਾਬ ਕਸ਼ਮੀਰੀ ਲੋਕਾਂ ਦੇ ਨਾਲ ਹੈ : ਅਮਰਿੰਦਰ





ਚੰਡੀਗੜ੍ਹ, 12 ਅਗਸਤ, (ਪੋਸਟ ਬਿਊਰੋ)-ਈਦ-ਉਲ-ਜ਼ੁਹਾ ਦੇ ਸ਼ੁਭ ਮੌਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ ਤੇ ਸਾਰਿਆਂ ਵਿਦਿਆਰਥੀਆਂ ਨੇ ਮਿਲ ਕੇ ਦੁਪਹਿਰ ਦੇ ਖਾਣੇ ਦਾ ਆਨੰਦ ਮਾਣਿਆ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਕਰਨ ਦੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਪੰਜਾਬ ਹਮੇਸ਼ਾ ਆਪਣੇ ਭੈਣ-ਭਰਾਵਾਂ ਨਾਲ ਔਖੇ ਸਮੇਂ ਖੜਾ ਹੋਇਆ ਹੈ, ਸਾਡੇ ਦਿਲ, ਸਾਡੇ ਘਰਾਂ ਦੇ ਦਰਵਾਜ਼ੇ ਹਮੇਸ਼ਾ ਇਨ੍ਹਾਂ ਲਈ ਖੁੱਲ੍ਹੇ ਹਨ।

ਇਸ ਮੌਕੇ ਇਹ ਚਰਚਾ ਚੱਲਦੀ ਰਹੀ ਕਿ ਆਮ ਲੋਕਾਂ ਦੀ ਇੱਛਾ ਭਾਰਤੀ ਲੋਕਤੰਤਰ ਤੇ ਭਾਰਤੀ ਸੰਵਿਧਾਨ ਦੇ ਮੂਲ ਤੱਤ ਹਨਤੇ ਕੇਂਦਰ ਸਰਕਾਰ ਦੇ ਤਾਜ਼ਾ ਫ਼ੈਸਲੇ ਦਾ ਸਭ ਤੋਂ ਵੱਧ ਅਸਰ ਜੰਮੂ-ਕਸ਼ਮੀਰ ਦੇ ਲੋਕਾਂ ਉੱਤੇ ਪਿਆ ਹੈ, ਜਿਹੜਾ ਉਨ੍ਹਾਂ ਦੀ ਸੁਰੱਖਿਆ ਤੋਂ ਲੈ ਕੇ ਰੁਜ਼ਗਾਰ ਤੱਕ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਉਨ੍ਹਾਂ ਲੋਕਾਂ ਦੀ ਰਾਏ ਪੁੱਛੇ ਬਿਨਾਂ ਫੈਸਲਾ ਕੀਤਾ ਗਿਆ ਹੈ। ਆਮ ਤੌਰ ਉੱਤੇ ਅਜਿਹੇ ਵੱਡੇ ਸੰਵੈਧਾਨਿਕ ਬਦਲਾਵਾਂ ਨੂੰ ਲੋਕਤੰਤਰੀ ਪ੍ਰਕਿਰਿਆਵਾਂ ਤੋਂ ਨਿਕਲਣਾ ਪੈਂਦਾ ਹੈ, ਇਸ ਦਾ ਖਰੜਾ ਸੂਬੇ ਅਤੇ ਕੇਂਦਰ ਸਰਕਾਰ ਦੇ ਪ੍ਰਤੀਨਿਧਾਂ ਦੀ ਸਲਾਹ ਨਾਲ ਬਣਨਾ ਚਾਹੀਦਾ ਸੀ।

## ਭਾਰਤ ਵਿੱਚ ਕੋਈ ਨਵਾਂ ਲਾਅ ਕਾਲਜ ਖੋਲ੍ਹਣ ’ਤੇ ਅਗਲੇ ਤਿੰਨ ਸਾਲਾਂ ਤਕ ਰੋਕ

ਨਵੀਂ ਦਿੱਲੀ, 12 ਅਗਸਤ, (ਪੋਸਟ ਬਿਊਰੋ)-ਭਾਰਤ ਵਿੱਚ ਤੇਜ਼ੀ ਨਾਲ ਖੁੱਲ੍ਹ ਰਹੇ ਲਾਅ ਕਾਲਜਾਂ ਉੱਤੇ ਚਿੰਤਾ ਪ੍ਰਗਟ ਕਰਦੇ ਹੋਏ ਬਾਰ ਕੌਂਸਲ ਆਫ਼ ਇੰਡੀਆ (ਬੀਸੀਆਈ) ਨੇ ਅਗਲੇ ਤਿੰਨ ਸਾਲਾਂ ਤਕ ਨਵੇਂ ਕਾਲਜ ਖੋਲ੍ਹਣ ਉੱਤੇ ਰੋਕ ਲਾ ਦਿੱਤੀ ਹੈ, ਪਰ ਕਿਸੇ ਰਾਜਵਲੋਂ ਤਜਵੀਜ਼ਸ਼ੁਦਾ ਨੈਸ਼ਨਲ ਲਾਅ ਯੂਨੀਵਰਸਿਟੀ ਉੱਤੇ ਇਹ ਰੋਕ ਨਹੀਂ ਹੋਵੇਗੀ। ਬੀਸੀਆਈ ਨੇ ਕਿਹਾ ਕਿ ਉਹ ਇਸ ਦੌਰਾਨ ਮੌਜੂਦਾ ਲਾਅ ਕਾਲਜਾਂ ਦੇ ਸੁਧਾਰ ਉੱਤੇ ਜ਼ੋਰ ਦੇਵੇਗੀ। ਕੱਲ੍ਹ ਐਤਵਾਰ ਨੂੰ ਹੋਈ ਬੈਠਕ ਵਿੱਚ ਬੀਸੀਆਈ ਨੇ ਭਾਰਤ ਵਿੱਚ ਤੇਜ਼ੀ ਨਾਲ ਖੁੱਲ੍ਹ ਰਹੇ ਲਾਅ ਕਾਲਜਾਂ ਦੇ ਬਾਰੇ ਆਪਣੇ ਮੈਂਬਰ ਵੇਦ ਪ੍ਰਕਾਸ਼ ਸ਼ਰਮਾ ਵਲੋਂ ਉਠਾਏ ਮੁੱਦੇ ਉੱਤੇ ਵਿਚਾਰ ਕੀਤੀ ਅਤੇ ਰਾਜ ਸਰਕਾਰਾਂ ਤੇ ਯੂਨੀਵਰਸਿਟੀਆਂ ਨੂੰ ਗ਼ਲਤ ਢੰਗ ਰੋਕਣ ਤੇ ਚਾਰ ਮਹੀਨਿਆਂ ਵਿੱਚ ਸਾਰੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਲਾਅ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨ ਦੀ ਬੇਨਤੀ ਕੀਤੀ ਹੈ। ਬੀਸੀਆਈ ਨੇ ਕਿਹਾ ਕਿ ਦੇਸ਼ ਵਿੱਚ ਇਸ ਵੇਲੇ ਕਰੀਬ 1500 ਲਾਅ ਕਾਲਜ ਹਨਤੇ ਯੂਨੀਵਰਸਿਟੀਆਂ ਤੇ ਰਾਜਾਂ ਦੇ ਸੁਸਤ ਵਿਹਾਰ ਕਾਰਨ ਕਈ ਕਾਲਜ ਉਚਿਤ ਬੁਨਿਆਦੀ ਢਾਂਚੇ ਦੇ ਬਿਨਾਂਚੱਲ ਰਹੇ ਹਨ। ਇਸ ਬਾਰੇਬੀਸੀਆਈ ਨੇ ਕਿਹਾ ਕਿ ਰਾਜ ਸਰਕਾਰਾਂ ਸ਼ਾਇਦ ਹੀ ਕਦੇ ਸਰਕਾਰੀ ਲਾਅ ਕਾਲਜਾਂ ਅਤੇ ਸਬੰਧਤ ਅਦਾਰਿਆਂ ਦੀਆਂ ਲਾਅ ਬਾਡੀਜ਼ ਦੀ ਨਿਯੁਕਤੀ ਕਰਨ ਵਿੱਚ ਦਿਲਚਸਪੀ ਲੈਂਦੀਆਂ ਹਨ, ਪਰ ਜਿੱਥੇ ਇਨ੍ਹਾਂ ਕਾਲਜਾਂ ਨੂੰ ‘ਨੋ ਆਬਜੈਕਸ਼ਨ’ ਸਰਟੀਫਿਕੇਟ ਦੇ ਦਿੰਦੀਆਂ ਹਨ, ਓਥੇ ਯੂਨੀਵਰਸਿਟੀਆਂ ਇਨ੍ਹਾਂ ਕਾਲਜਾਂ ਨੂੰ ਲਾਪ੍ਰਵਾਹੀ ਨਾਲ ਜੋੜ ਦਿੰਦੀਆਂ ਹਨ।ਬੀਸੀਆਈ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਦੀ ਆਲੋਚਨਾ ਕਰਦੇ ਹੋਏ ਕਿਹਾ ਕਿ 90 ਫੀਸਦੀ ਲਾਅ ਕਾਲਜਾਂ ਨੂੰ ਆਪਣੇ ਸਟੈਂਡਰਡ ਵਿੱਚ ਸੁਧਾਰ ਕਰਨ ਲਈ ਗਰਾਂਟ ਨਹੀਂ ਮਿਲਦੀ ਅਤੇ ਐੱਲ ਐੱਲ ਐੱਮ ਜਾਂ ਪੀ ਐੱਚ ਡੀ ਦੀ ਡਿਗਰੀ ਲੈਣਾ ਸੌਖਾ ਹੋ ਜਾਣ ਕਾਰਨ ਦੇਸ਼ ਵਿੱਚ ਕਾਨੂੰਨ ਦੇ ਚੰਗੇ ਟੀਚਰਾਂ ਦੀ ਕਮੀ ਹੈ। ਵਰਨਣ ਯੋਗ ਹੈ ਕਿ ਐੱਲ ਐੱਲ ਐੱਮ ਅਤੇ ਪੀ ਐੱਚਡੀ ਦੀ ਡਿਗਰੀ ਬਾਰ ਕੌਂਸਲ ਆਫ਼ ਇੰਡੀਆ ਦੇ ਅਧੀਨ ਨਹੀਂਹੈ।

# ਫੂਲਕਾ ਦੀ ਨਵੀਂ ਚੁਣੌਤੀ: ਬਾਦਲਾਂ ਤੇ ਸੁਮੇਧ ਸੈਣੀ ਨੂੰ ਜੇਲ ਭੇਜੋ, ਮੈਂ ਪਦਮਸ੍ਰੀ ਖਿਤਾਬ ਮੋੜਨ ਨੂੰ ਵੀ ਤਿਆਰ ਹਾਂ

ਚੰਡੀਗੜ੍ਹ, 12 ਅਗਸਤ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਸੁਪਰੀਮ ਕੋਰਟ ਜਾਣ ਦੀ ਚਿਤਾਵਨੀ ਦੇ ਕੇ ਵਿਧਾਨ ਸਭਾ ਤੋਂ ਆਪਣਾ ਅਸਤੀਫ਼ਾ ਮਨਜ਼ੂਰ ਕਰਾਉਣ ਵਾਲੇ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਦੇ ਕੁਝ ਮੰਤਰੀਆਂ ਵੱਲੋਂ ਪਦਮਸ੍ਰੀ ਵਾਪਸ ਕਰਨ ਦੀ ਚੁਣੌਤੀ ਦੇਣ ਉੱਤੇ ਵੀ ਪਲਟਵਾਰ ਕੀਤਾ ਹੈ।



ਅੱਜ ਏਥੇ ਪ੍ਰੈੱਸ ਦੇ ਨਾਂ ਜਾਰੀ ਇਕ ਬਿਆਨ ਵਿੱਚ ਐੱਚ ਐੱਸ ਫੂਲਕਾ ਨੇ ਕਿਹਾ ਕਿ ਇਹ ਪਦਮਸ਼੍ਰੀ ਸਨਮਾਨ ਉਨ੍ਹਾਂ ਨੂੰ ਸਾਲ 1984 ਦੇ ਦਿੱਲੀ ਵਾਲੇ ਕਤਲੇਆਮ ਦੇ ਕੇਸਾਂ ਦੀ ਪੈਰਵੀ ਕਰਨ ਅਤੇ ਸੱਜਣ ਕੁਮਾਰ ਨੂੰ ਜੇਲ੍ਹ ਭਿਜਵਾਉਣ ਲਈ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਕ ਸਮਾਂ ਸੀ, ਜਦੋਂ 1984 ਵਿੱਚ ਓਦੋਂ ਦੀ ਭਾਰਤ ਸਰਕਾਰ ਨੇ ਸਾਜਿਸ਼ ਕਰ ਕੇ ਸਿੱਖਾਂ ਨੂੰ ਮਰਵਾਇਆ ਸੀ, ਅੱਜ ਭਾਰਤ ਸਰਕਾਰ ਨੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਐਵਾਰਡ ਦਿੱਤਾ ਹੈ ਅਤੇ ਇਹ ਐਵਾਰਡ ਸਿਰਫ਼ ਮੇਰੀ ਮਾਨਤਾ ਨਹੀਂ, ਇਹ ਇਸ ਮੁੱਦੇ ਦੀ ਮਾਨਤਾ ਹੈ। ਫੂਲਕਾ ਨੇ ਕਿਹਾ ਕਿ ਕਾਂਗਰਸ ਜਾਣਦੀ ਹੈ ਕਿ ਸੱਜਣ ਕੁਮਾਰ ਨੂੰ ਜੇਲ੍ਹ ਹੋਣ ਪਿੱਛੋਂ ਅਗਲਾ ਨੰਬਰ ਜਗਦੀਸ਼ ਟਾਇਟਲਰ ਤੇ ਕਮਲਨਾਥ ਦਾ ਹੈ, ਜਿਹੜੇ ਬਰਾਬਰ ਦੇ ਦੋਸ਼ੀ ਹਨ, ਇਸ ਕਰ ਕੇ ਕਾਂਗਰਸ ਘਬਰਾਈ ਜਾਪਦੀ ਹੈ।

ਇਸ ਮੌਕੇ ਐੱਚ ਐੱਸ ਫੂਲਕਾ ਨੇ ਕਿਹਾ ਕਿ ਜੇ ਬੇਅਦਬੀ ਵਾਲੇ ਕੇਸਾਂ ਵਿੱਚ ਮੁੱਖ ਦੋਸ਼ੀ ਬਾਦਲ ਪਿਤਾ-ਪੁੱਤਰ ਅਤੇ ਪੰਜਾਬ ਪੁਲਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਨੂੰ ਜੇਲ੍ਹ ਭੇਜਣ ਲਈ ਪੰਜਾਬ ਸਰਕਾਰ ਦੀ ਇਹੋ ਸ਼ਰਤ ਹੈ ਕਿ ਫੂਲਕਾ ਪਦਮਸ਼੍ਰੀ ਐਵਾਰਡ ਵਾਪਸ ਕਰੇ ਤਾਂ ਮੈਂ ਇਸ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਾਦਲਾਂ ਤੇ ਸੈਣੀ ਨੂੰ ਜੇਲ੍ਹ ਭੇਜੇ, ਜਿਸ ਦਿਨ ਬਾਦਲ ਤੇ ਸੈਣੀ ਜੇਲ੍ਹ ਜਾਣਗੇ, ਉਹ ਅਗਲੇ ਦਿਨ ਹੀ ਆਪਣਾ ਪਦਮਸ਼੍ਰੀ ਵਾਪਸ ਕਰ ਦੇਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮੰਤਰੀਆਂ ਨਾਲ ਨਿੱਜੀ ਦੁਸ਼ਮਣੀ ਨਹੀਂ, ਬਲਕਿ ਇਹ ਉਨ੍ਹਾਂ ਦੇ ਚੰਗੇ ਦੋਸਤ ਹਨ। ਸੁਖਜਿੰਦਰ ਸਿੰਘ ਰੰਧਾਵਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਮਤਾ ਪਾਸ ਕਰਾਉਣ ਲਈ ਬੜੀ ਮਦਦ ਕੀਤੀ ਸੀ ਅਤੇ ਜਿਹੜੀਆਂ ਗੱਲਾਂ ਇਹ ਮੰਤਰੀ ਵਿਧਾਨ ਸਭਾ ਵਿੱਚ ਬੋਲੇ, ਉਹ ਸਰਕਾਰ ਤੋਂ ਇਹੀ ਕੁਝ ਕਰਾਉਣ ਦੇ ਯਤਨ ਵੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਾਦਲ ਪਿਤਾ-ਪੁੱਤਰਅਤੇ ਸੁਮੇਧ ਸੈਣੀ ਨੂੰ ਜੇਲ੍ਹ ਭੇਜਣ ਵਾਸਤੇ ਸੀ ਬੀ ਆਈ ਕਲੋਜ਼ਰ ਰਿਪੋਰਟ ਕਿਸੇ ਤਰ੍ਹਾਂ ਅੜਚਣ ਨਹੀਂ ਪਾਉਂਦੀ, ਇਹ ਸਰਕਾਰ ਦੀ ਮਿਲੀਭੁਗਤ ਹੈ ਕਿ ਹਾਲੇ ਤੱਕ ਉਹ ਲੋਕ ਬਚੇ ਹੋਏ ਹਨ, ਵਰਨਾ ਰਣਜੀਤ ਸਿੰਘ ਦੀ ਰਿਪੋਰਟ ਵਿੱਚ ਇੰਨੇ ਵੱਡੇ ਖੁਲਾਸੇ ਹੋਏ ਤੇ ਸਾਫ ਲਿਖਿਆ ਹੈ ਕਿ ਉਸ ਸਮੇਂ ਸਾਰੀ ਰਾਤ ਉਸ ਵੇਲੇ ਦੇ ਪੰਜਾਬ ਪੁਲਸ ਦੇ ਮੁਖੀ (ਡੀਜੀ ਪੀ) ਅਤੇ ਮੁੱਖ ਮੰਤਰੀ ਦੀ ਪੁਲਿਸ ਨਾਲ ਗੱਲਬਾਤ ਸਿੱਧੀ ਚੱਲ ਰਹੀ ਸੀ ਤੇ ਪੁਲਿਸ ਨੇ ਦੋ ਨੌਜਵਾਨਾਂ ਨੂੰ ਕਿਸੇ ਸਰਕਾਰੀ ਹੁਕਮਅਤੇ ਕਾਨੂੰਨੀ ਕਾਰਵਾਈ ਦੇਬਿਨਾਂ ਮਾਰਿਆ ਸੀ, ਉਹ ਸਿੱਧਾ ਕਤਲ ਸੀ। ਉਨ੍ਹਾਂ ਕਿਹਾ ਕਿ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੁਲਸ ਮੁਖੀ ਸੈਣੀ ਸਿੱਧੇ ਇਸ ਕੇਸ ਵਿੱਚ ਸ਼ਾਮਲ ਨਾ ਹੁੰਦੇ ਤਾਂ ਉਸੇ ਸਮੇਂ ਐਕਸ਼ਨ ਲੈ ਲੈਂਦੇ, ਪਰ ਕਿਉਂਕਿ ਉਨ੍ਹਾਂ ਦੇ ਕਹੇ ਉੱਤੇ ਹੋਇਆ ਸੀ, ਇਸੇ ਕਰ ਕੇ ਉਨ੍ਹਾਂ ਨੇ ਕਾਰਵਾਈ ਕਰਨ ਦੀ ਥਾਂ ਇਸ ਮੁੱਦੇ ਨੂੰ ਠੰਢੇ ਬਸਤੇ ਵਿੱਚ ਪਾ ਕੇ ਰੋਲਣ ਦੀ ਕੋਸਿਸ਼ ਕੀਤੀ ਸੀ।

# ਅੱਧ ਸੁਰੱਖਿਆ ਫੋਰਸਾਂ ਦੇ ਅਫਸਰਾਂ ਨੇ ਵਿਤਕਰੇ ਰੋਕਣ ਲਈ ਸ਼ਾਹ ਦਾ ਦਖਲ ਮੰਗਿਆ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਸੈਂਟਰਲ ਆਰਮਡ ਪੁਲਸ ਫੋਰਸਜ਼ ਦੇ ਅਫਸਰਾਂ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਆਈ ਪੀ ਐਸ (ਇੰਡੀਅਨ ਪੁਲੀਸ ਸਰਵਿਸ) ਦੇ ਅਧਿਕਾਰੀਆਂ ਵੱਲੋਂ ਸਰਵਿਸ ਲਾਭ ਦੇਣ ਦੇ ਵਕਤ ਕੀਤਾ ਜਾ ਰਿਹਾ ਵਿਤਕਰਾ ਰੋਕਣ ਲਈ ਉਨ੍ਹਾਂ ਦਾ ਦਖਲ ਮੰਗਿਆ ਹੈ।

ਪੰਜ ਕੇਂਦਰੀ ਪੁਲਸ ਫੋਰਸਾਂ, ਜਿਨ੍ਹਾਂ ਨੂੰ ਅਰਧ ਸੁਰੱਖਿਆ ਬਲ ਕਿਹਾ ਜਾਂਦਾ ਹੈ, ਦੇ ਅਫਸਰਾਂ ਨੇ ਸੋਸ਼ਲ ਮੀਡੀਆ ਉਤੇ ਵੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਸੁਪਰੀਮ ਕੋਰਟ ਦੇ ਤਾਜ਼ਾ ਹੁਕਮਾਂ ਅਤੇ ਵਿਸ਼ੇਸ਼ ਤੌਰ ਉਤੇ ਕੇਂਦਰੀ ਮੰਤਰੀ ਮੰਡਲ ਦੀ ਪ੍ਰਵਾਨਗੀ ਤੋਂ ਬਾਅਦ ਵੀ ਉਨ੍ਹਾਂ ਦੇ ਹੈਡਕੁਆਰਟਰਾਂ ਵਿਚਲੇ ਆਈ ਪੀ ਐਸ ਅਧਿਕਾਰੀ ਉਨ੍ਹਾਂ ਦੇ ਸੋਧੇ ਹੋਏ ਸਰਵਿਸ ਲਾਭ ਦੇਣ ਤੋਂ ਅਤੇ ਸੁਪਰਵਾਈਜ਼ਰੀ ਰੈਂਕ ਦੀਆਂ ਪੋਸਟਾਂ ਦੀ ਪ੍ਰਵਾਨ ਕਰਨ ਤੋਂ ਅੜਿੱਕੇ ਪਾ ਰਹੇ ਹਨ। ਅਜਿਹੇ ਬਹੁਤ ਸਾਰੇ ਅਧਿਕਾਰੀਆਂ ਬਾਰੇ ਪਤਾ ਲੱਗਾ ਹੈ, ਜਿਨ੍ਹਾਂ ਨੇ ਆਪਣੇ ਨਾਲ ਹੋਏ ਵਿਤਕਰੇ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖਿਆ ਹੈ। ਉਹ ਕੇਂਦਰੀ ਗ੍ਰਹਿ ਮੰਤਰੀ ਤੋਂ ਆਪਣੇ ਸੋਧੇ ਭਰਤੀ ਨਿਯਮਾਂ ਤੇ ਤਾਜ਼ਾ ਕੀਤੇ ਕੇਡਰ ਰੀਵੀਊ ਨੂੰ ਲਾਗੂ ਕਰਨ ਲਈ ਕਹਿ ਰਹੇ ਹਨ। ਇਨ੍ਹਾਂ ਨਿਯਮਾਂ ਹੇਠ ਅਰਧ ਸੁਰੱਖਿਆ ਫੋਰਸਾਂ ਦੇ ਅਧਿਕਾਰੀਆਂ ਨੂੰ ਵਧੇਰੇ ਸੁਪਰਵਾਈਜ਼ਰੀ ਆਸਾਮੀਆਂ ਮਿਲਣੀਆਂ ਬਣਦੀਆਂ, ਪਰ ਇਨ੍ਹਾਂ ਅਹੁਦਿਆਂ ਉਤੇ ਵਧੇਰੇ ਥਾਂਈਂ ਆਈ ਪੀ ਐਸ ਰੈਂਕ ਦੇ ਅਧਿਕਾਰੀ ਤਾਇਨਾਤ ਹਨ। ਇਨ੍ਹਾਂ ਅਧਿਕਾਰੀਆਂ ਨੇ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਨੂੰ ਖਤਮ ਕਰਨ ਵਿਚ ਦਲੇਰੀ ਦਿਖਾਈ ਹੈ, ਉਸ ਤਰ੍ਹਾਂ ਉਨ੍ਹਾਂ ਨੂੰ ਅਰਧ ਸੁਰੱਖਿਆ ਫੋਰਸਾਂ ਦੇ ਮੁਲਾਜ਼ਮਾਂ ਨੂੰ ਮਿਲਣ ਵਾਲੇ ਲਾਭਾਂ ਬਾਰੇ ਫੈਸਲਾ ਲੈ ਕੇ ਦਲੇਰੀ ਦਿਖਾਉਣੀ ਚਾਹੀਦੀ ਹੈ।


Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

MISSISSAUGA $975




Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000

Photo Not Available

27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000




23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000



1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000



Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000

Photo Not Available


1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000

Photo Not Available

77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000



17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900



7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000

Photo Not Available


10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000

Photo Not Available


470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000




23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000



5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000




693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000



7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000



32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &


*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ਬੀਤੇ ਦਿਨੀਂ ਥੋਰਨ ਡੇਲ ਕਲੱਬ ਵੱਲੋਂ ਵੇਸਾਖਾ ਬੀਚ ਅਤੇ ਬਲੈ ਮੈਨਟੇਨ ਦਾ ਸਫਲ ਟੂਰ ਲਾਇਆ ਗਿਆ। ਇਸ ਦੌਰਾਨ ਗਾਈਡ ਸਕੰਦਰ ਸਿੰਘ ਢਿੱਲੋਂ ਬਣੇ ਤੇ ਬਸ 'ਚ ਪਾਣੀ ਦੀ ਸੇਵਾ ਮੱਖਣ ਸਿੰਘ ਨੇ ਕੀਤੀ। ਸਭ ਨੇ ਟੂਰ ਦਾ ਖ਼ੂਬ ਆਨੰਦ ਮਾਣਿਆ। ਪ੍ਰਧਾਨ ਹਰਦੀਪ ਸਿੰਘ ਸ਼ੋਕਰ, ਸੈਕਟਰੀ ਸਕੰਦਰ ਸਿੰਘ ਢਿੱਲੋਂ, ਖਜ਼ਾਨਚੀ ਸਤਪਾਲ ਮੱਲ੍ਹੀ, ਉਪ ਪ੍ਰਧਾਨ ਮੱਖਣ ਸਿੰਘ ਅਤੇ ਬਲਦੇਵ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

# ਭਾਰਤ ਵਿੱਚ 197 ਭਾਸ਼ਾਵਾਂ ਜਾਂ ਅਸੁਰੱਖਿਅਤ ਹਨ ਜਾਂ ਕਮਜ਼ੋਰ ਜਾਂ ਗਾਇਬ

*** 10 ਭਾਸ਼ਾਵਾਂ ਦੇ 100 ਤੋਂ ਵੀ ਘੱਟ ਜਾਣਕਾਰ ਹਨ ਭਾਰਤ ਵਿੱਚ**

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਕਰੀਬ 450 ਜੀਵਿਤ ਭਾਸ਼ਾਵਾਂ ਹਨ ਅਤੇ ਦੇਸ਼ ਦੀ ਖ਼ੁਸ਼ਹਾਲ ਭਾਸ਼ਾਈ ਵਿਰਾਸਤ ਸਾਂਭਣ ਅਤੇ ਮਾਣ ਕਰਨ ਲਾਇਕ ਮੰਨੀ ਜਾ ਸਕਦੀ ਹੈ। ਸ਼ੁੱਕਰਵਾਰ ਨੂੰ ਦੁਨੀਆ ਨੇ ਦੇਸ਼ੀ ਭਾਸ਼ਾਵਾਂ ਦਾ ਅੰਤਰਰਾਸ਼ਟਰੀ ਦਿਵਸ ਮਨਾਇਆ ਤਾਂ ਇਸ ਮੌਕੇ ਇਹ ਚਿੰਤਾਜਨਕ ਹੈ ਗੱਲ ਪਤਾ ਲੱਗੀ ਹੈ ਕਿ ਦੇਸ਼ ਦੀਆਂ 10 ਤੋਂ ਵੱਧ ਭਾਸ਼ਾਵਾਂ ਨੂੰ ਬੋਲਣ ਵਾਲੇ 100 ਤੋਂ ਵੀ ਘੱਟ ਲੋਕ ਬਚੇ ਹਨ। ਦੁਨੀਆ ਦੀ ਖਤਰੇ ਵਿੱਚ ਪਈਆਂ ਹੋਈਆਂ ਭਾਸ਼ਾਵਾਂ ਦੇ ਯੂਨੈਸਕੋ ਐਟਲਸ ਦੇ ਆਨਲਾਈਨ ਚੈਪਟਰ ਦੇ ਮੁਤਾਬਕ ਭਾਰਤ ਵਿੱਚ 197 ਭਾਸ਼ਾਵਾਂ ਜਾਂ ਤਾਂ ਅਸੁਰੱਖਿਅਤ ਜਾਂ ਗਾਇਬ ਹਨ। ਗਾਇਬ ਹੋ ਰਹੀਆਂ ਭਾਸ਼ਾਵਾਂ ਵਿੱਚ ਅਹੋਮ, ਐਡਰੋ, ਰੰਗਕਾਸ, ਸੇਂਗਮਈ, ਲੋਚਤਾ ਤੇ ਹੋਰ ਸ਼ਾਮਲ ਹਨ। ਇਹ ਸਾਰੀਆਂ ਭਾਸ਼ਾਵਾਂ ਹਿਮਾਲੀਅਨ ਬੈਲਟ ਵਿੱਚ ਬੋਲੀਆਂ ਜਾਂਦੀਆਂ ਹਨ। 81 ਭਾਰਤੀ ਭਾਸ਼ਾਵਾਂ ਦੀ ਸਥਿਤੀ ਬਹੁਤ ਚੰਗੀ ਨਹੀਂ ਹੈ, ਜਿਨ੍ਹਾਂ ਵਿੱਚ ਮਣੀਪੁਰੀ, ਬੋਡੋ, ਗੜਵਾਲੀ, ਲੱਦਾਖੀ, ਮਿਜ਼ੋ, ਸ਼ੇਰਪਾ ਅਤੇ ਸਪਿਤੀ ਸ਼ਾਮਲ ਹਨ, ਪਰ ਉਹ ਅਜੇ ਕਮਜ਼ੋਰ ਸ਼ਰੇਣੀ ਵਿੱਚ ਹਨ ਅਤੇ ਇਨ੍ਹਾਂ ਨੂੰ ਸੰਭਾਲਣ ਲਈ ਸਾਂਝੇ ਯਤਨ ਕਰਨ ਦੀ ਲੋੜ ਹੈ। ਦੁਨੀਆ ਭਰ ਵਿੱਚ ਕਰੀਬ 7000 ਭਾਸ਼ਾਵਾਂ ਹਨ। ਯੂਨੈਸਕੋ ਦੇ ਮੁਤਾਬਕ ਦੁਨੀਆ ਦੀ ਕਰੀਬ 97 ਫੀਸਦੀ ਆਬਾਦੀ ਇਨ੍ਹਾਂ ਵਿੱਚੋਂ ਕੇਵਲ ਚਾਰ ਫੀਸਦੀ ਭਾਸ਼ਾਵਾਂ ਦੀ ਜਾਣਕਾਰੀ ਰੱਖਦੀ ਹੈ, ਪਰ ਦੁਨੀਆ ਦੇ ਕੇਵਲ ਤਿੰਨ ਫੀਸਦੀ ਲੋਕ ਬਾਕੀ ਦੇ 96 ਫੀਸਦੀ ਭਾਸ਼ਾਵਾਂ ਦੀ ਜਾਣਕਾਰੀ ਰੱਖਦੇ ਹਨ।

# ਨਾਗਾਸਾਕੀ ਨੇ ਐਟਮੀ ਹਥਿਆਰਾਂ ਉੱਤੇ ਪਾਬੰਦੀ ਦੀ ਮੰਗ ਕੀਤੀ

ਨਾਗਾਸਾਕੀ, 12 ਅਗਸਤ (ਪੋਸਟ ਬਿਊਰੋ)- ਜਾਪਾਨ ਦੇ ਸ਼ਹਿਰ ਨਾਗਾਸਾਕੀ ਨੇ ਕੱਲ੍ਹ ਐਟਮੀ ਹਮਲੇ ਦੀ 74ਵੀਂ ਬਰਸੀ ਮਨਾਈ ਅਤੇ ਇਸ ਮੌਕੇ ਕਰਵਾਏ ਗਏ ਇੱਕ ਪ੍ਰੋਗਰਾਮ ਵਿੱਚ ਇਸ ਸ਼ਹਿਰ ਦੇ ਮੇਅਰ ਨੇ ਦੁਨੀਆ ਭਰ ਦੇ ਦੇਸ਼ਾਂ ਵਿੱਚ ਐਟਮੀ ਹਥਿਆਰਾਂ ਉੱਤੇ ਪਾਬੰਦੀ ਦੀ ਮੰਗ ਕੀਤੀ ਹੈ।


ਵਰਨਣ ਯੋਗ ਹੈ ਕਿ ਦੂਸਰੀ ਵਿਸ਼ਵ ਜੰਗ ਦੌਰਾਨ ਨੌਂ ਅਗਸਤ 1945 ਨੂੰ ਅਮਰੀਕਾ ਨੇ ਇਸ ਸ਼ਹਿਰ ਉਤੇ 'ਫੈਟ ਮੈਨ' ਐਟਮ ਬੰਬ ਸੁੱਟਿਆ ਸੀ, ਜਿਸ ਨਾਲ ਕਰੀਬ 74 ਹਜ਼ਾਰ ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਤਿੰਨ ਦਿਨ ਪਹਿਲਾਂ ਅਮਰੀਕਾ ਨੇ ਇਕ ਹੋਰ ਜਾਪਾਨੀ ਸ਼ਹਿਰ ਹੀਰੋਸ਼ੀਮਾ ਉਤੇ ਐਟਮ ਬੰਬ ਸੁੱਟਿਆ ਸੀ। ਸਥਾਨਕ ਪੀਸ ਪਾਰਕ 'ਚ ਵਿਸ਼ਾਲ ਜਨ ਸਮੂਹ ਨੂੰ ਸੰਬੋਧਨ ਕਰਦਿਆਂ ਮੇਅਰ ਤੋਮਿਹੀਸਾ ਟਾਉ ਨੇ ਕਿਹਾ, ਐਟਮੀ ਹਥਿਆਰਾਂ ਉਤੇ ਪਾਬੰਦੀ ਦਾ ਕੰਮ ਛੇਤੀ ਤੋਂ ਛੇਤੀ ਪੂਰਾ ਹੋਣਾ ਚਾਹੀਦਾ ਹੈ। ਇਸ ਦੇ ਲਈ ਯੂ ਐਨ ਵੱਲੋਂ ਲਿਆਂਦੀ ਐਟਮੀ ਪਾਬੰਦੀ ਸੰਧੀ 'ਤੇ ਹਾਲੇ ਤੱਕ 50 ਦੇਸ਼ਾਂ ਨੇ ਹਸਤਾਖਰ ਨਹੀਂ ਕੀਤੇ, ਜਿਸ ਨਾਲ ਇਹ ਟੀਚਾ ਅਧੂਰਾ ਹੈ। ਜਾਪਾਨ ਵੀ ਇਨ੍ਹਾਂ 50 ਦੇਸ਼ਾਂ 'ਚ ਸ਼ਾਮਲ ਹੈ। ਇਸ ਪ੍ਰੋਗਰਾਮ ਵਿੱਚ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਤੋਂ ਇਲਾਵਾ ਯੂ ਐਨ, ਯੂਰਪੀ ਯੂਨੀਅਨ ਅਤੇ ਐਟਮੀ ਹਥਿਆਰਾਂ ਵਾਲੇ ਦੇਸ਼ਾਂ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ ਤੇ ਚੀਨ ਦੇ ਪ੍ਰਤੀਨਿਧ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਐਟਮੀ ਸ਼ਕਤੀ ਸੰਪੰਨ ਦੇਸ਼ ਤੇ ਹੋਰਨਾਂ ਦੇਸ਼ਾਂ ਵਿਚਕਾਰ ਵਿਚੋਲਗੀ ਦਾ ਕੰਮ ਕਰੇਗੀ ਤਾਂ ਕਿ ਐਟਮੀ ਹਥਿਆਰਾਂ ਦਾ ਪ੍ਰਸਾਰ ਰੋਕਿਆ ਜਾ ਸਕੇ। ਅਬੇ ਨੇ ਹਾਲਾਂਕਿ ਐਟਮੀ ਸੰਧੀ ਨੂੰ ਲੈ ਕੇ ਕੁਝ ਨਹੀਂ ਕਿਹਾ।

# ਨਕਲੀ ਉਤਪਾਦਾਂ ਤੋਂ ਸਾਲਾਨਾ ਇੱਕ ਲੱਖ ਕਰੋੜ ਰੁਪਏ ਦਾ ਘਾਟਾ

ਨਵੀਂ ਦਿਲੀ, 12 ਅਗਸਤ (ਪੋਸਟ ਬਿਊਰੋ)- ਨਕਲੀ ਉਤਪਾਦਾਂ ਦੇ ਨਾਲ ਭਾਰਤ ਨੂੰ ਸਾਲਾਨਾ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਨੁਕਸਾਨ ਹੋ ਰਿਹਾ ਹੈ। ਬ੍ਰਾਂਡ, ਮਾਲੀਆ ਅਤੇ ਦਸਤਾਵੇਜ਼ ਸੁਰੱਖਿਆ ਖੇਤਰ ਵਿੱਚ ਕੰਮ ਕਰਨ ਵਾਲੀਆਂ ਕੰਪਨੀਆਂ ਦੇ ਸੰਗਠਨ ਏ ਐੱਸ ਪੀ ਏ ਦਾ ਕਹਿਣਾ ਹੈ ਕਿ ਇਸ ਨੂੰ ਰੋਕਣ ਦੇ ਲਈ ਨਕਲ ਵਿਰੋਧੀ ਹੱਲ ਤਕਨੀਕਾਂ ਦੇ ਨਾਲ ਨਾਲ ਜਾਗਰੂਕਤਾ ਅਤੇ ਮਾਨੀਟ੍ਰਿੰਗ ਦੀ ਵੀ ਜ਼ਰੂਰਤ ਹੈ। ਆਰਥੇਟਿਕੇਸ਼ਨ ਸਾਲਿਊਸ਼ਨ ਪ੍ਰੋਵਾਈਡਰਸ ਐਸੋਸੀਏਸ਼ਨ (ਏ ਐੱਸ ਪੀ ਏ) ਦੇ ਪ੍ਰੈਜ਼ੀਡੈਂਟ ਨਕੁਲ ਪਸਰੀਚਾ ਦਾ ਕਹਿਣਾ ਹੈ ਕਿ ਜੇ ਆਰਥੋਟਿਕੇਸ਼ਨ ਉਤਪਾਦਾਂ ਦੀ ਵਰਤੋਂ ਕਰ ਕੇ ਨਕਲ ਨੂੰ ਪੰਜਾਹ ਫੀਸਦੀ ਤੱਕ ਵੀ ਰੋਕ ਲਿਆ ਤਾਂ ਦੇਸ਼ ਦੇ ਸਾਲਾਨਾ 50,000 ਕਰੋੜ ਰੁਪਏ ਤੋਂ ਵੱਧ ਬਚ ਜਾਣਗੇ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਨਕਲੀ ਉਤਪਾਦਾਂ ਤੋਂ ਦੇਸ਼ ਨੂੰ ਕਰੀਬ 1.05 ਲੱਖ ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਨਕਲੀ ਉਤਪਾਦ ਹਰ ਸੈਕਟਰ ਵਿੱਚ ਹਨ ਅਤੇ ਖਾਸ ਤੌਰ 'ਤੇ ਫਾਰਮਾ ਸੈਕਟਰ ਇਨ੍ਹਾਂ ਤੋਂ ਕਾਫੀ ਪ੍ਰਭਾਵਤ ਹੈ। ਅਜਿਹੇ ਵਿੱਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਮ ਨਾਗਰਿਕਾਂ ਦੇ ਸਿਹਤ ਉਤੇ ਖਤਰੇ ਨੂੰ ਦੇਖਦੇ ਹੋਏ ਨਕਲੀ ਉਤਪਾਦਾਂ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ। ਸੰਗਠਨ ਦਾ ਕਹਿਣਾ ਸੀ ਕਿ ਪਿਛਲੇ ਕੁਝ ਸਾਲਾਂ ਦੌਰਾਨ ਦੁਨੀਆ ਭਰ ਵਿੱਚ ਨਕਲੀ ਅਤੇ ਪਾਈਰੇਟਿਡ ਉਤਪਾਦਾਂ ਦੀ ਪੈਠ ਵਧ ਗਈ ਹੈ। ਪਸਰੀਚਾ ਦੇ ਮੁਤਾ-ਬਕ ਦੁਨੀਆ ਭਰ ਵਿੱਚ ਆਰਥੇਟਿਕੇਸ਼ਨ ਯਾਨੀ ਉਤਪਾਦਾਂ ਦੀ ਪ੍ਰਮਾਣਿਕਤਾ ਜਾਂਚ ਸੰਬੰਧੀ ਤਕਨੀਕੀ ਉਤਪਾਦਾਂ ਦੇ ਲਈ ਨਿਵੇਸ਼ 'ਤੇ ਰਿਟਰਨ ਵੀ ਕਾਫੀ ਜ਼ਿਆਦਾ ਹੈ।

# ਐਨ ਡੀ ਟੀ ਵੀ ਦੇ ਮੋਢੀ ਪ੍ਰਣਾਏ ਰਾਏ ਨੂੰ ਵਿਦੇਸ਼ ਜਾਣ ਤੋਂ ਰੋਕਿਆ ਗਿਆ

ਮੁੰਬਈ, 12 ਅਗਸਤ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਐਨ ਡੀ ਟੀ ਵੀ ਸ਼ੁਰੂ ਕਰਨ ਵਾਲੇ ਬਾਨੀ ਪ੍ਰਣਾਏ ਰਾਏ ਅਤੇ ਉਨ੍ਹਾਂ ਦੀ ਪਤਨੀ ਰਾਧਿਕਾ ਰਾਏ ਨੂੰ ਕੱਲ੍ਹ ਮੁੰਬਈ ਹਵਾਈ ਅੱਡੇ ਉਤੇ ਰੋਕ ਲਿਆ ਗਿਆ। ਉਹ ਇਥੋਂ ਵਿਦੇਸ਼ ਦੌਰੇ ਲਈ ਜਾਣ ਵਾਲੇ ਸਨ।



ਐਨ ਡੀ ਟੀ ਵੀ ਨੇ ਇਸ ਬਾਰੇ ਇਕ ਬਿਆਨ 'ਚ ਕਿਹਾ ਕਿ ਇਨ੍ਹਾਂ ਦੋਵਾਂ ਨੂੰ 'ਸੀ ਬੀ ਆਈ ਵੱਲੋਂ ਦੋ ਸਾਲ ਪਹਿਲਾਂ ਸ਼ੁਰੂ ਕੀਤੇ ਭ੍ਰਿਸ਼ਟਾਚਾਰ ਦੇ ਇਕ ਫਰਜ਼ੀ ਅਤੇ ਬੇਬੁਨਿਆਦ ਮਾਮਲੇ ਦੇ ਆਧਾਰ 'ਤੇ ਰੋਕਿਆ ਗਿਆ ਹੈ।' ਕੰਪਨੀ ਨੇ ਕਿਹਾ, 'ਮੀਡੀਆ ਕੰਪਨੀ ਮਾਲਕਾਂ ਉਤੇ ਛਾਪੇ ਅਤੇ ਕੱਲ੍ਹ ਦੀ ਇਹ ਕਾਰਵਾਈ ਮੀਡੀਆ ਵਾਲਿਆਂ ਲਈ ਚੇਤਾਵਨੀ ਹੈ ਕਿ ਉਹ ਹਾਂ ਵਿੱਚ ਹਾਂ ਮਿਲਾਉਣ, ਨਹੀਂ ਤਾਂ ਇਸ ਤਰ੍ਹਾਂ ਦੀ ਕਾਰਵਾਈ ਝੱਲਣ। ਬਿਆਨ ਵਿੱਚ ਐਨ ਡੀ ਟੀ ਵੀ ਨੇ ਆਪਣੇ ਇਨ੍ਹਾਂ ਦੋਵਾਂ ਸੰਸਥਾਪਕਾਂ ਨੂੰ 'ਪੱਤਰਕਾਰ' ਕਿਹਾ ਹੈ।

# ਕੀਨੀਆ ਦੀ ਅਸੈਂਬਲੀ ਵਿੱਚ ਮੈਂਬਰ ਨੇ ਬੇਹੱਦ ਬਦਬੂ ਵਾਲੀ ਪੇਟ ਗੈਸ ਛੱਡੀ, ਕਾਰਵਾਈ ਮੁਲਤਵੀ

ਨੈਰੋਬੀ, 12 ਅਗਸਤ (ਪੋਸਟ ਬਿਊਰੋ)- ਦੁਨੀਆ ਦੀਆਂ ਵੱਖ-ਵੱਖ ਪਾਰਲੀਮੈਂਟਾਂ ਅਤੇ ਵਿਧਾਨ ਸਭਾਵਾਂ ਦੇ ਵਿੱਚ ਕਈ ਤਰ੍ਹਾਂ ਦੇ ਮੁੱਦਿਆਂ ਉਤੇ ਹੰਗਾਮੇ ਹੁੰਦੇ ਹਨ ਅਤੇ ਕਾਰਵਾਈ ਵਿੱਚ ਵਿਘਨ ਪੈਂਦਾ ਹੈ, ਪਰ ਕੀਨੀਆ ਦੀ ਇੱਕ ਵਿਧਾਨ ਸਭਾ ਵਿੱਚ ਜੋ ਹੋਇਆ, ਉਹ ਬਿਲਕੁਲ ਵੱਖਰੀ ਕਿਸਮ ਦਾ ਸੀ।



ਮਿਲੀ ਜਾਣਕਾਰੀ ਮੁਤਾਬਕ ਇਸ ਦੇਸ਼ ਦੇ ਹੋਮਾ-ਬੇ-ਕਾਊਂਟੀ ਰਾਜ ਦੀ ਵਿਧਾਨ ਸਭਾ ਦੇ ਕਿਸੇ ਮੈਂਬਰ ਵੱਲੋਂ ਬੇਹੱਦ ਬਦਬੂ ਭਰੀ ਪੇਟ ਗੈਸ ਛੱਡੇ ਜਾਣ ਕਾਰਨ ਹਾਊਸ ਦੀ ਕਾਰਵਾਈ ਕੁਝ ਸਮਾਂ ਮੁਲਤਵੀ ਕਰਨੀ ਪਈ। ਉਸ ਵਕਤ ਹਾਲ ਦੇ ਅੰਦਰ ਏ ਸੀ ਕੰਮ ਨਹੀਂ ਕਰ ਰਿਹਾ ਸੀ ਅਤੇ ਗਰਮੀ ਵੀ ਬਹੁਤ ਸੀ। ਅਸੈਂਬਲੀ ਮੈਂਬਰ ਹੱਥਾਂ ਵਿੱਚ ਫੜੇ ਕਾਗਜ਼ਾਂ ਨਾਲ ਆਪਣੇ ਆਪ ਨੂੰ ਝੱਲ ਮਾਰ ਰਹੇ ਸਨ। ਅਚਾਨਕ ਬੇਹੱਦ ਗੰਦੀ ਕਿਸਮ ਦੀ ਬਦਬੂ ਫੈਲ ਗਈ। ਨੱਕ ਨੰ ਹੱਥਾਂ ਨਾਲ ਦਬਾਈ ਵੱਖ-ਵੱਖ ਮੈਂਬਰ ਆਪਣੇ ਆਪਣੇ ਨੇੜਲੇ ਮੈਂਬਰਾਂ ਉੱਤੇ ਗੰਦੀ ਗੈਸ ਛੱਡਣ ਦੇ ਦੋਸ਼ ਲਾਉਣ ਲੱਗ ਪਏ। ਫਿਰ ਇੱਕ ਮੈਂਬਰ ਨੇ ਸਪੀਕਰ ਨੂੰ ਕਿਹਾ ਕਿ ਕੁਝ ਕੀਤਾ ਜਾਏ, ਬਦਬੂ ਬਹੁਤ ਫੈਲ ਗਈ ਹੈ। ਸਪੀਕਰ ਨੇ 10 ਮਿੰਟ ਕਾਰਵਾਈ ਮੁਲਤਵੀ ਕਰ ਦਿੱਤੀ ਅਤੇ ਉਸ ਤੋਂ ਬਾਅਦ ਹਾਊਸ ਅੰਦਰ ਰੂਮ ਫਰੈਸ਼ਨਰ ਲਿਆ ਕੇ ਛਿੜਕਿਆ ਗਿਆ। ਇਸ ਦੇ ਨਾਲ ਹੀ ਹਾਲ ਦੇ ਅੰਦਰ ਐਗਜ਼ਾਸਟ ਫੈਨ ਵੀ ਚਲਾ ਦਿੱਤੇ ਗਏ। ਬਦਬੂ ਘਟੀ ਤਾਂ ਹਾਊਸ ਦੀ ਕਾਰਵਾਈ ਮੁੜ ਸ਼ੁਰੂ ਹੋਈ।

# ਭਾਰਤ-ਪਾਕਿ ਮੈਚ ਕਰਨ ਦਾ ਫੈਸਲਾ ਸਰਕਾਰ ਨਹੀਂ ਕਰ ਸਕਦੀ : ਰਿਜਿਜੂ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਕੇਂਦਰੀ ਖੇਡ ਮੰਤਰੀ ਕਿਰਨ ਰਿਜਿਜੂ ਨੇ ਅੱਜ ਸੋਮਵਾਰ ਨੂੰ ਕਿਹਾ ਹੈ ਕਿ ਭਾਰਤੀ ਟੈਨਿਸ ਟੀਮ ਪਾਕਿਸਤਾਨ ਵਿਚ ਅਗਲੇ ਮਹੀਨੇ ਹੋਣ ਵਾਲੇ ਡੇਵਿਸ ਕੱਪ ਮੁਕਾਬਲੇ ਵਿਚ ਹਿੱਸਾ ਲਵੇਗੀ ਜਾਂ ਨਹੀਂ, ਇਸ ਉੱਤੇ ਸਰਕਾਰ ਫ਼ੈਸਲਾ ਨਹੀਂ ਕਰ ਸਕਦੀ।

ਮਿਲੀ ਜਾਣਕਾਰੀ ਅਨੁਸਾਰ ਖੇਡ ਮੰਤਰੀ ਨੇ ਕਿਹਾ ਕਿ ਇਹ ਦੁਵੱਲੀ ਚੈਂਪੀਅਨਸ਼ਿਪ ਨਹੀਂ, ਬਲਕਿ ਅੰਤਰਰਾਸ਼ਟਰੀ ਟੂਰਨਾਮੈਂਟ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਡੇਵਿਸ ਕੱਪ ਮੁਕਾਬਲਾ 14 ਤੇ 15 ਸਤੰਬਰ ਨੂੰ ਇਸਲਾਮਾਬਾਦ ਵਿਚ ਹੋਣਾ ਹੈ, ਪਰ ਜੰਮੂ-ਕਸ਼ਮੀਰ ਤੋਂ ਵਿਸ਼ੇਸ਼ ਰਾਜ ਦਾ ਦਰਜਾ (ਧਾਰਾ 370) ਹਟਾਏ ਜਾਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧ ਗਿਆ ਹੈ। ਇਸ ਕਾਰਨ ਡੇਵਿਸ ਕੱਪ ਉੱਤੇ ਗ਼ੈਰ ਯਕੀਨੀ ਦੇ ਬੱਦਲ ਮੰਡਲਾ ਰਹੇ ਹਨ। ਖੇਡ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਜੇ ਇਹ ਦੁਵੱਲੀ ਖੇਡ ਚੈਂਪੀਅਨਸ਼ਿਪ ਹੁੰਦੀ ਹੈ ਤਾਂ ਫਿਰ ਭਾਰਤ ਨੂੰ ਪਾਕਿਸਤਾਨ ਵਿਚ ਖੇਡਣਾ ਚਾਹੀਦਾ ਹੈ ਜਾਂ ਨਹੀਂ, ਇਹ ਸਿਆਸੀ ਫ਼ੈਸਲਾ ਬਣ ਜਾਂਦਾ ਹੈ, ਪਰ ਡੇਵਿਸ ਕੱਪ ਦੁਵੱਲੀ ਚੈਂਪੀਅਨਸ਼ਿਪ ਨਹੀਂ ਹੈ, ਇਹ ਟੂਰਨਾਮੈਂਟ ਵਿਸ਼ਵ ਖੇਡ ਸੰਸਥਾ (ਅੰਤਰਰਾਸ਼ਟਰੀ ਟੈਨਿਸ ਫੈਡਰੇਸ਼ਨ) ਕਰਵਾਉਂਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਓਲੰਪਿਕ ਚਾਰਟਰ ਨੂੰ ਮੰਨਦਾ ਹੈ ਤੇ ਉਸ ਉੱਤੇ ਉਸ ਦੇ ਦਸਖ਼ਤ ਹਨ, ਇਸ ਲਈ ਭਾਰਤ ਜਾਂ ਰਾਸ਼ਟਰੀ ਫੈਡਰੇਸ਼ਨ ਇਹ ਫ਼ੈਸਲਾ ਨਹੀਂ ਕਰ ਸਕਦੇ ਕਿ ਭਾਰਤ ਨੂੰ ਇਸ ਵਿਚ ਹਿੱਸਾ ਲੈਣਾ ਚਾਹੀਦਾ ਹੈ ਜਾਂ ਨਹੀਂ। ਸਰਬ ਭਾਰਤੀ ਟੈਨਿਸ ਐਸੋਸੀਏਸ਼ਨ (ਏ ਆਈ ਟੀ ਏ) ਇਸ ਮੁਕਾਬਲੇ ਨੂੰ ਨਿਰਪੱਖ ਥਾਂ ਉੱਤੇ ਕਰਨਾ ਚਾਹੁੰਦੀ ਹੈ। ਪਾਕਿਸਤਾਨ ਟੈਨਿਸ ਐਸੋਸੀਏਸ਼ਨ (ਪੀ ਟੀ ਐੱਫ) ਨੇ ਐਤਵਾਰ ਸਾਫ ਕਰ ਦਿੱਤਾ ਸੀ ਕਿ ਉਹ ਥਾਂ ਬਦਲਣ ਉੱਤੇ ਸਹਿਮਤ ਨਹੀਂ ਹੋਵੇਗਾ, ਕਿਉਂਕਿ ਇਸਲਾਮਾਬਾਦ ਵਿਚ ਪਹਿਲਾਂ ਤੋਂ ਤਿਆਰੀ ਹੋ ਰਹੀ ਹੈ। ਪੀ ਟੀ ਐੱਫ ਦੇ ਮੁਖੀ ਸਲੀਮ ਸੈਫੁੱਲ੍ਹਾ ਨੇ ਦੱਸਿਆ ਕਿ ਉਹ ਮੁਕਾਬਲੇ ਦੀ ਮੇਜ਼ਬਾਨੀ ਇਸਲਾਮਾਬਾਦ ਖੇਡ ਕੰਪਲੈਕਸ ਵਿਚ ਕਰਨ ਲਈ ਸਾਰੀ ਤਿਆਰੀ ਕਰ ਚੁੱਕੇ ਹਨ। ਸੈਫੁੱਲ੍ਹਾ ਨੇ ਕਿਹਾ ਕਿ ਅਸੀਂ ਮੁਕਾਬਲੇ ਦੀ ਮੇਜ਼ਬਾਨੀ 14-15 ਸਤੰਬਰ ਨੂੰ ਕਰਨ ਦੇ ਸ਼ੁਰੂਆਤੀ ਪ੍ਰੋਗਰਾਮ ਉੱਤੇ ਟਿਕੇ ਹੋਏ ਹਾਂ ਤੇ ਭਾਰਤੀ ਟੀਮ ਇਸਲਾਮਬਾਦ ਵਿਚ ਅਸੁਰੱਖਿਅਤ ਮਹਿਸੂਸ ਕਰਨ ਦਾ ਮੈਨੂੰ ਕੋਈ ਕਾਰਨ ਨਜ਼ਰ ਨਹੀਂ ਆਉਂਦਾ। ਸੈਫੁੱਲ੍ਹਾ ਨੇ ਕਿਹਾ ਕਿ ਉਹ ਟੀਮ ਚਾਰ ਦਿਨ ਇਸਲਾਮਾਬਾਦ ਵੀ ਰਹੇਗੀ, ਜੋ ਪੂਰੀ ਤਰ੍ਹਾਂ ਸੁਰੱਖਿਅਤ ਹੈ। ਅਸੀਂ ਉਨ੍ਹਾਂ ਦੇ ਹੋਟਲ ਤੇ ਟੂਰਨਾਮੈਂਟ ਦੀ ਥਾਂ ਚੋਟੀ ਦੇ ਪੱਧਰ ਦੇ ਸੁਰੱਖਿਆ ਪ੍ਰਬੰਧ ਕੀਤੇ ਹਨ ਤੇ ਉਨ੍ਹਾਂ ਨੂੰ ਇਸਲਾਮਾਬਾਦ ਵਿਚ ਖੇਡਣ ਵਿਚ ਕੋਈ ਮੁਸ਼ਕਲ ਨਹੀਂ ਹੋਵੇਗੀ।


**KARTAR FURNITURE**

**ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ**

**ਕਰਤਾਰ ਫਰਨੀਚਰ**




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

**Call Rajinder Singh 416.741.9657** 69 Westmore Dr. #20 Etobicoke ON, M9V 3Y6



**ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ**




**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7


# ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਦੇ ਪ੍ਰਧਾਨ, ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਮਿਲੇ

ਚੰਡੀਗੜ੍ਹ, 12 ਅਗਸਤ (ਗਿਆਨ ਸਿੰਘ): ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੇ ਨੋਟਿਸ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀ ਸਲਾਹਕਾਰ ਕਾਊਂਸਿਲ ਦੇ ਪੁਨਰਗਠਨ ਸਮੇਂ ਗੈਰ ਸਰਕਾਰੀ ਮੈਂਬਰਾਂ ਵਿੱਚ ਅਨੁਸੂਚਿਤ ਜਾਤੀਆਂ ਨੂੰ ਸ਼ਮਿਲ ਨਾ ਕਰਨ ਦਾ ਗੰਭੀਰ ਮੁੱਦਾ ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਸਾਝਾਂ ਕੀਤਾ।



ਉਨ੍ਹਾਂ ਮੰਤਰੀ ਨੂੰ ਦੱਸਿਆ ਕਿ ਅਨੁਸੂਚਿਤ ਜਾਤੀਆਂ ਦੀ 20% ਤੋਂ ਵੱਧ ਆਬਾਦੀ ਚੰਡੀਗੜ੍ਹ ਵਿੱਚ ਹੈ। ਪਿਛਲੇ ਦਿਨੀਂ ਚੰਡੀਗੜ੍ਹ ਪ੍ਰਸ਼ਾਸਨ ਨੇ ਸਲਾਹਕਾਰ ਕਾਊਂਸਿਲ ਦੇ ਮੈਂਬਰ ਨਿਯੁਕਤ ਕੀਤੇ ਸਨ। ਉਨ੍ਹਾਂ ਨਿਯੁਕਤੀਆਂ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਦੀ ਅਣਦੇਖੀਂ ਕੀਤੀ ਗਈ ਹੈ, ਸਲਾਹਕਾਰ ਕਾਊਂਸਿਲ ਪੁਨਰਗਠਨ ਸਮੇਂ ਗੈਰ ਸਰਕਾਰੀ ਮੈਂਬਰਾਂ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਸਮਾਜਿਕ ਅਤੇ ਧਾਰਮਿਕ ਜੱਥੇਬੰਦੀਆਂ ਅਤੇ ਬੁੱਧੀਜੀਵੀਆਂ ਨੂੰ ਸ਼ਾਮਿਲ ਨਾ ਕਰਨ ਕਾਰਨ ਕਮਜ਼ੋਰ ਵਰਗਾ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਤੋਂ ਕਾਫ਼ੀ ਨਾਰਾਜ਼ਗੀ ਜ਼ਾਹਰ ਕੀਤੀ ਗਈ ਹੈ।

ਕੈਂਥ ਨੇ ਦੱਸਿਆ ਕਿ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਇਸ ਗੰਭੀਰ ਮੁੱਦੇ ਨੂੰ ਪੰਜਾਬ ਦੇ ਰਾਜਪਾਲ ਅਤੇ ਵੀਪੀ ਸਿੰਘ ਬਦਨੌਰ, ਚੰਡੀਗੜ੍ਹ ਨਾਲ ਜੁੜੇ ਮਸਲੇ ਨੂੰ ਹੱਲ ਕਰਨ ਲਈ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਕਿਸੇ ਕਿਸਮ ਦੀ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ। ਕੈਂਥ ਨੇ ਕਿਹਾ ਕਿ ਇਸ ਗੰਭੀਰ ਮੁੱਦੇ ਨੂੰ ਧਿਆਨ ਵਿੱਚ ਰੱਖਦਿਆਂ ਅਨੁਸੂਚਿਤ ਜਾਤੀਆਂ ਨੂੰ ਸਲਾਹਕਾਰ ਕਾਊਂਸਿਲ ਵਿੱਚ ਲਿਆਉਣ ਲਈ ਜਲਦੀ ਹੀ ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਦਾ ਇੱਕ ਵਫ਼ਦ ਚੰਡੀਗੜ੍ਹ ਦੇ ਪ੍ਰਸ਼ਾਸਕ ਤੋਂ ਸਮੇਂ ਲੈ ਕੇ ਇਸ ਗੰਭੀਰ ਮੁੱਦੇ ਨੂੰ ਧਿਆਨ ਵਿੱਚ ਲਿਆਦਾ ਜਾਵੇਗਾ। ਅਨੁਸੂਚਿਤ ਜਾਤੀਆਂ ਨੂੰ ਸਲਾਹਕਾਰ ਕਾਊਂਸਿਲ ਵਿੱਚ ਯੋਗ ਪ੍ਰਤੀਨਿਧਤਾ ਦਿਵਾਉਣ ਲਈ ਉਪਰਾਲਾ ਕੀਤਾ ਜਾਵੇਗਾ। ਸਲਾਹਕਾਰ ਕਾਊਂਸਿਲ ਦੇ ਪੁਨਰਗਠਨ 'ਚ ਅਨੁਸੂਚਿਤ ਜਾਤੀਆਂ ਦੇ ਗੈਰ ਸਰਕਾਰੀ ਮੈਂਬਰਾਂ ਨੂੰ ਪ੍ਰਸ਼ਾਸਨ ਵੱਲੋਂ ਨਜ਼ਰਅੰਦਾਜ਼ ਕੀਤਾ ਗਿਆ ਹੈ।




# ਪਰਵਾਸੀਆਂ ਲਈ ਕਾਨੂੰਨੀ ਸਹਾਇਤਾ ਵਿੱਚ ਫੋਰਡ ਵੱਲੋਂ ਕੀਤੀ ਕਟੌਤੀ ਦੀ ਟਰੂਡੋ ਵੱਲੋਂ ਨਿਖੇਧੀ

...ਪੰਨਾ 1 ਦਾ ਬਾਕੀ

ਇਨ੍ਹਾਂ ਫੰਡਾਂ ਦਾ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਸਾਲਾਨਾ ਬਜਟ ਵਿੱਚ ਇਨ੍ਹਾਂ ਸੇਵਾਵਾਂ ਵਿੱਚ ਕਟੌਤੀਆਂ ਦਾ ਐਲਾਨ ਕੀਤਾ ਸੀ। ਫੋਰਡ ਵੱਲੋਂ ਬਹਾਰ ਵਿੱਚ ਪੇਸ਼ ਬਜਟ ਵਿੱਚ ਓਨਟਾਰੀਓ ਦੀ ਲੀਗਲ ਏਡ ਦੇ ਬਜਟ ਨੂੰ 30 ਫੀ ਸਦੀ ਤੱਕ ਵਾਢਾ ਲਾਉਣ ਦੀ ਗੱਲ ਆਖੀ ਗਈ ਸੀ। ਇਨ੍ਹਾਂ ਵਿੱਚ ਰਫਿਊਜੀ ਤੇ ਇਮੀਗ੍ਰੇਸ਼ਨ ਲਾਅ ਸੇਵਾਵਾਂ ਲਈ ਫੰਡਿੰਗ ਖ਼ਤਮ ਕਰਨ ਦਾ ਫੈਸਲਾ ਵੀ ਸ਼ਾਮਲ ਸੀ। ਫੋਰਡ ਦੇ ਇਸ ਕਦਮ ਦਾ ਰਫਿਊਜੀ ਵਕੀਲਾਂ ਤੇ ਹਮਾਇਤੀਆਂ ਵੱਲੋਂ ਵਿਰੋਧ ਕੀਤਾ ਗਿਆ ਸੀ। ਇਹ ਵੀ ਆਖਿਆ ਗਿਆ ਸੀ ਕਿ ਇਸ ਨਾਲ ਪਰਵਾਸੀਆਂ ਦੇ ਹਿਤਾਂ ਦਾ ਨੁਕਸਾਨ ਹੋਵੇਗਾ। ਇਮੀਗ੍ਰੇਸ਼ਨ ਐਂਡ ਰਫਿਊਜੀ ਬੋਰਡ ਨੇ ਵੀ ਇਹ ਆਖਿਆ ਸੀ ਕਿ ਇਸ ਨਾਲ ਉਨ੍ਹਾਂ ਦੇ ਕੇਸ ਮੱਠੇ ਪੈ ਜਾਣਗੇ। ਸੋਮਵਾਰ ਨੂੰ ਕੀਤੇ ਗਏ ਇਸ ਐਲਾਨ ਦੌਰਾਨ ਟਰੂਡੋ ਨੇ ਫੋਰਡ ਵੱਲੋਂ ਕੀਤੀਆਂ ਇਨ੍ਹਾਂ ਕਟੌਤੀਆਂ ਦੀ ਨੁਕਤਾਚੀਨੀ ਵੀ ਕੀਤੀ। ਉਨ੍ਹਾਂ ਆਖਿਆ ਕਿ ਅੱਜ ਅਸੀਂ ਇਸ ਲਈ ਇੱਥੇ ਇੱਕਠੇ ਹੋਏ ਹਾਂ ਕਿ ਇੱਕ ਹੋਰ ਕੰਜ਼ਰਵੇਟਿਵ ਸਰਕਾਰ, ਡੱਗ ਫੋਰਡ ਸਰਕਾਰ ਨੇ ਬਹੁਤ ਹੀ ਕਮਜ਼ੋਰ ਵਰਗ ਨੂੰ ਅਹਿਮ ਸੇਵਾਵਾਂ ਦੇਣ ਤੋਂ ਮੂੰਹ ਮੋੜ ਲਿਆ ਹੈ। ਟਰੂਡੋ ਨੇ ਆਖਿਆ ਕਿ ਉਹ ਡੱਗ ਫੋਰਡ ਵੱਲੋਂ ਇਸ ਤਰ੍ਹਾਂ ਆਪਣਾ ਪੱਲਾ ਝਾੜ ਲਏ ਜਾਣ ਤੋਂ ਬਹੁਤ ਪਰੇਸ਼ਾਨ ਹਨ। ਉਨ੍ਹਾਂ ਆਖਿਆ ਕਿ ਇਸ ਫੈਸਲੇ ਤੋਂ ਕੈਨੇਡੀਅਨ ਵੀ ਬਹੁਤੇ ਖੁਸ਼ ਨਹੀਂ ਹੋਣਗੇ। ਕੰਜ਼ਰਵੇਟਿਵ ਸਿਆਸਤਦਾਨ ਇਹ ਦਾਅਵਾ ਕਰਦੇ ਨਹੀਂ ਥੱਕਦੇ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਲਈ ਹੈ ਪਰ ਉਹ ਕਮਜ਼ੋਰ ਲੋਕਾਂ ਲਈ ਸੇਵਾਵਾਂ ਵਿੱਚ ਕਟੌਤੀਆਂ ਕਰਕੇ ਉਨ੍ਹਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਰਹੇ ਹਨ।

ਇਸ ਦੌਰਾਨ ਓਨਟਾਰੀਓ ਦੇ ਅਟਾਰਨੀ ਜਨਰਲ ਡੱਗ ਡਾਊਨੀ ਨੇ ਤਰਕ ਦਿੱਤਾ ਕਿ ਇਮੀਗ੍ਰੇਸ਼ਨ ਫੈਡਰਲ ਸਰਕਾਰ ਦੀ ਜ਼ਿੰਮੇਵਾਰੀ ਹੈ ਇਸ ਲਈ ਓਟਵਾ ਨੂੰ ਇਹ ਖਰਚਾ ਵੰਡਾਉਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਓਨਟਾਰੀਓ ਨੂੰ ਹੋਰਨਾਂ ਪ੍ਰੋਵਿੰਸਾਂ ਵਾਂਗ ਇਮੀਗ੍ਰੈਂਟਸ ਲਈ ਲੀਗਲ ਏਡ ਸੇਵਾਵਾਂ ਮੁਹੱਈਆ ਕਰਵਾਉਣ ਵਾਸਤੇ ਫੰਡ ਹਾਸਲ ਨਹੀਂ ਹੋ ਰਹੇ। ਹੋਰਨਾਂ ਪ੍ਰੋਵਿੰਸਾਂ ਨੂੰ ਇਸ ਮਕਸਦ ਲਈ 90 ਫੀ ਸਦੀ ਫੰਡ ਹਾਸਲ ਹੁੰਦਾ ਹੈ ਪਰ ਓਨਟਾਰੀਓ ਨੂੰ ਸਿਰਫ 35 ਫੀ ਸਦੀ ਫੰਡ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Karam Singh Punia; Gyan Singh; Angrej Singh
Office Admin — Priya Sodhi
Marketing Executives — Priya Sodhi; Kamaljeet Kaur
Graphic Designer — Satnam Singh
Photographer — Kanwaljit Singh Kanwal
Distributer — Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਹਾਈਵੇਅ 401 ਉੱਤੇ ਹੋਏ ਹਾਦਸੇ ਵਿੱਚ ਦੋ ਹਲਾਕ

...ਪੰਨਾ 1 ਦਾ ਬਾਕੀ



ਓਪੀਪੀ ਦੇ ਬੁਲਾਰੇ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਮੁੱਢਲੀਆਂ ਰਿਪੋਰਟਾਂ ਅਨੁਸਾਰ ਲਾਲ ਰੰਗ ਦੀ ਕੌਰਵੈੱਟ ਦੇ ਡਰਾਈਵਰ ਵੱਲੋਂ ਟਰਾਂਸਪੋਰਟ ਟਰੱਕ ਦੀ ਲਪੇਟ ਵਿੱਚ ਆਉਣ ਤੋਂ ਪਹਿਲਾਂ ਤੇਜ਼ੀ ਨਾਲ ਲੇਨ ਬਦਲਣ ਦੀ ਕੋਸ਼ਿਸ਼ ਕੀਤੀ ਗਈ।ਜਦੋਂ ਦੋਵੇਂ ਗੱਡੀਆਂ ਟਕਰਾਈਆਂ ਤਾਂ ਟਰਾਂਸਪੋਰਟ ਟਰੱਕ ਕੰਕਰੀਟ ਕੰਧ ਉੱਤੇ ਜਾ ਚੜ੍ਹਿਆ ਤੇ ਐਕਸਪ੍ਰੈੱਸ ਲੇਨਜ਼ ਉੱਤੇ ਪਲਟ ਗਿਆ ਅਤੇ ਫਿਰ ਉਸ ਨੂੰ ਅੱਗ ਲੱਗ ਗਈ।

ਉਨ੍ਹਾਂ ਦੱਸਿਆ ਕਿ ਐਕਸਪ੍ਰੈੱਸ ਤੇ ਕੋਲੈਕਟਰਜ਼ ਲੇਨਜ਼ ਦਰਮਿਆਨ ਭਾਰੀ ਨੁਕਸਾਨ ਹੋਇਆ। ਉਨ੍ਹਾਂ ਇਹ ਵੀ ਦੱਸਿਆ ਕਿ ਸਿਲਵਰ ਰੰਗ ਦੀ ਮਾਜ਼ਦਾ ਨੂੰ ਵੀ ਕਾਫੀ ਨੁਕਸਾਨ ਹੋਇਆ। ਸ਼ਮਿਡਟ ਨੇ ਆਖਿਆ ਕਿ ਕੌਰਵੈੱਟ ਵਿੱਚ ਸਵਾਰ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ 34 ਸਾਲਾ ਡਰਾਈਵਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਪੰਜਾਬੀ ਮੂਲ ਦਾ ਗੋਨੀ ਬਰਾੜ ਦੱਸਿਆ ਜਾਂਦਾ ਹੈ। ਦੂਜੀਆਂ ਨੁਕਸਾਨੀਆਂ ਗਈਆਂ ਗੱਡੀਆਂ ਵਿੱਚ ਸਵਾਰ ਦੋ ਵਿਅਕਤੀਆਂ ਵਿੱਚੋਂ ਇੱਕ ਹੋਰ 77 ਸਾਲਾ ਮਹਿਲਾ ਦੀ ਹਸਪਤਾਲ ਪਹੁੰਚਣ ਉਪਰੰਤ ਮੌਤ ਹੋ ਗਈ।

ਹਾਈਵੇਅ 401 ਦੀਆਂ ਪੂਰਬ ਵਾਲੀਆਂ ਲੇਨਜ਼ ਸੋਮਵਾਰ ਸਵੇਰੇ ਵੀ ਇਸ ਹਾਦਸੇ ਕਾਰਨ ਬੰਦ ਰਹੀਆਂ ਤੇ ਇੱਕ ਵਾਰੀ ਕ੍ਰਿਊਜ਼ ਵੱਲੋਂ ਹਾਦਸੇ ਵਾਲੀ ਥਾਂ ਸਾਫ ਕੀਤੇ ਜਾਣ ਤੋਂ ਬਾਅਦ ਹੀ ਇਸ ਰਸਤੇ ਨੂੰ ਖੋਲ੍ਹਿਆ ਗਿਆ। ਸੋਮਵਾਰ ਦੁਪਹਿਰ ਨੂੰ ਸਮਿਡਟ ਨੇ ਦੱਸਿਆ ਕਿ ਹੁਰਨਤਾਰੀਓ ਤੱਕ ਸਾਰੀਆਂ ਐਕਸਪ੍ਰੈੱਸ ਲੇਨਜ਼ ਖੋਲ੍ਹ ਦਿੱਤੀਆਂ ਗਈਆਂ ਹਨ। ਡਰਾਈਵਰ ਹਾਈਵੇਅ 410 ਤੇ 403 ਰੈਂਪਸ ਤੱਕ ਪਹੁੰਚ ਕਰ ਸਕਦੇ ਹਨ।

# ਘਰ ਵਸਾਉਣ ਦੇ ਸੁਫਨੇ ਦਿਖਾ ਕੇ ਗਹਿਣੇ, 1.10 ਲੱਖ ਰੁਪਏ ਅਤੇ ਮੋਬਾਈਲ ਲੈ ਕੇ ਫਰਾਰ

ਹਿਸਾਰ, 12 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੀ ਇੱਕ ਕਲੋਨੀ ਵਿੱਚ ਰਹਿ ਰਹੇ ਕਿੰਨਰ ਨੂੰ ਪਿਆਰ ਵਿੱਚ ਧੋਖਾ ਦੇ ਕੇ ਅਲਮਾਰੀ ਵਿੱਚੋਂ ਸੋਨੇ-ਚਾਂਦੀ ਦੇ ਗਹਿਣੇ, 1.10 ਲੱਖ ਰੁਪਏ ਅਤੇ ਮੋਬਾਈਲ ਲੈ ਕੇ ਫਰਾਰ ਹੋ ਜਾਣ ਵਾਲੇ ਨੌਜਵਾਨ ਦੇ ਖਿਲਾਫ ਬਾਲਸਮੰਦ ਰੋਡ ਦੀ ਯੂਨੀਵਰਸਿਟੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ।

ਪੀੜਤ ਕਿੰਨਰ ਨੇ ਪੁਲਸ ਨੂੰ ਦੱਸਿਆ ਕਿ ਦੋਸ਼ੀ ਵਿਨੇ ਨਾਲ ਫੇਸਬੁਕ 'ਤੇ ਦੋਸਤੀ ਹੋਈ ਸੀ। ਗੱਲਬਾਤ ਹੋਣ ਲੱਗੀ ਤਾਂ ਉਨ੍ਹਾਂ ਦਾ ਪਿਆਰ ਹੋ ਗਿਆ ਅਤੇ ਇੱਕ ਦੂਸਰੇ ਨਾਲ ਲਿਵ ਇਨ ਵਿੱਚ ਰਹਿਣ ਲੱਗੇ ਸਨ। ਵਿਆਹ ਕਰਨਾ ਸੀ, ਇਸ ਦੇ ਕਾਰਨ ਮੈਂ ਆਪਣਾ ਜੈਂਡਰ ਤੱਕ ਚੇਂਜ ਕਰਾਉਣ ਲਈ ਤਿਆਰ ਹੋ ਗਈ। ਦੋਸ਼ ਹੈ ਕਿ ਵਿਨੇ ਨੇ ਉਸ ਨੂੰ ਕਿਹਾ ਕਿ ਘਰ ਲੈ ਰਿਹਾ ਹੈ, ਜਿੱਥੇ ਇਕੱਠੇ ਰਹਿਣਗੇ। ਇਸ ਦੇ ਲਈ ਉਸ ਨੇ ਹਜ਼ਾਰਾਂ-ਲੱਖਾਂ ਰੁਪਏ ਦਿੱਤੇ ਸਨ। ਉਸ ਨੇ ਕਿਹਾ ਸੀ ਕਿ ਕਿਸ਼ਤਾਂ ਵਿੱਚ ਵਾਪਸ ਦੇ ਦੇਵੇਗਾ। ਦੋਸ਼ ਹੈ ਕਿ ਇੱਕ ਦਿਨ ਉਸ ਦਾ ਮੋਬਾਈਲ ਚੈਕ ਕੀਤਾ ਤਾਂ ਉਸ ਦੀ ਹੋਰ ਕੁੜੀਆਂ ਨਾਲ ਗੱਲਬਾਤ ਦੇ ਸਬੂਤ ਮਿਲੇ। ਇਸ ਬਾਰੇ ਵਿਨੇ ਤੋਂ ਪੁੱਛਿਆ ਤਾਂ ਉਹ ਝਗੜਾ ਕਰਨ ਲੱਗਾ। ਉਸ ਨੇ ਮੈਨੂੰ ਕੁੱਟਿਆ ਅਤੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ। ਕਿੰਨਰ ਨੇ ਦੋਸ਼ ਲਾਇਆ ਹੈ ਕਿ ਤਿੰਨ ਅਗਸਤ ਨੂੰ ਉਸ ਦਾ ਮੋਬਾਈਲ ਫਿਰ ਚੈੱਕ ਕੀਤਾ ਤਾਂ ਇੱਕ ਲੜਕੀ ਦੀ ਅਸ਼ਲੀਲ ਫੋਟੋ ਅਤੇ ਉਸ ਨਾਲ ਗੱਲਬਾਤ ਕਰਦਾ ਮਿਲਿਆ। ਵਿਨੇ ਮੌਕਾ ਦੇਖ ਕੇ ਅਲਮਾਰੀ 'ਚੋਂ ਸੋਨੇ ਦੀਆਂ ਦੋ ਅੰਗੂਠੀਆਂ, ਚੇਨ, ਇੱਕ ਚਾਂਦੀ ਦਾ ਕੜਾ, ਚਾਂਦੀ ਦੀਆਂ ਅੰਗੂਠੀਆਂ, 1.10 ਲੱਖ ਰੁਪਏ ਅਤੇ ਮੋਬਾਈਲ ਚੋਰੀ ਕੇ ਖਿਸਕ ਗਿਆ। ਇਸ ਦਾ ਪਤਾ ਲੱਗਾ ਤਾਂ ਪੁਲਸ ਨੂੰ ਸ਼ਿਕਾਇਤ ਦੇ ਕੇ ਉਸ ਦੇ ਖਿਲਾਫ ਕਾਰਵਾਈ ਦੀ ਅਪੀਲ ਕੀਤੀ ਸੀ।

# ਗੈਂਗਸਟਰ ਨੂੰ ਲੁਕਣ ਵਿੱਚ ਮਦਦ ਕਰਨ ਵਾਲਾ ਸਿਪਾਹੀ ਡਿਸਮਿਸ

ਅੰਮ੍ਰਿਤਸਰ, 12 ਅਗਸਤ (ਪੋਸਟ ਬਿਊਰੋ)- ਜ਼ਿਲਾ ਅੰਮ੍ਰਿਤਸਰ ਦੇਹਾਤੀ ਦੇ ਪੁਲਸ ਮੁਖੀ ਵਿਕਰਮਜੀਤ ਸਿੰਘ ਦੁੱਗਲ ਨੇ ਨੇ ਗੈਂਗਸਟਰ ਸ਼ੁਭਮ ਨਾਲ ਸੰਬੰਧ ਰੱਖਣ ਵਾਲੇ ਸਿਪਾਹੀ ਨਰਵਿੰਦਰ ਸਿੰਘ ਨੂੰ ਨੌਕਰੀ ਤੋਂ ਕੱਢਣ ਦਾ ਹੁਕਮ ਜਾਰੀ ਕੀਤਾ ਹੈ। ਨਰਵਿੰਦਰ ਸਿੰਘ ਇਸ ਸਮੇਂ ਚੌਕੀ ਗਗੋਮਾਹਲ ਵਿੱਚ ਹੈੱਡ ਕਾਂਸਟੇਬਲ ਵਜੋਂ ਤੈਨਾਤ ਸੀ। ਵਰਨਣ ਯੋਗ ਹੈ ਕਿ ਬਟਾਲਾ ਪੁਲਸ ਨੇ ਫ੍ਰੈਂਡਜ਼ ਕਲੋਨੀ ਦੇ ਏ-ਕੈਟਾਗਰੀ ਗੈਂਗਸਟਰ ਸ਼ੁਭਮ ਨੂੰ ਹਥਿਆਰਾਂ ਦੇ ਨਾਲ ਗ੍ਰਿਫਤਾਰ ਕੀਤਾ ਸੀ। ਬੀਤੇ ਦਿਨੀਂ ਥਾਣਾ ਫਤਿਹਗੜ੍ਹ ਚੂੜੀਆਂ ਦੇ ਐੱਸ ਐੱਚ ਓ ਹਰਜੀਤ ਸਿੰਘ ਨੇ ਸ਼ੁਭਮ ਨੂੰ ਰਿਮਾਂਡ 'ਤੇ ਲਿਆ ਤਾਂ ਪੁੱਛਗਿੱਛ ਦੌਰਾਨ ਸ਼ੁਭਮ ਨੇ ਡਿਸਮਿਸ ਕੀਤੇ ਗਏ ਸਿਪਾਹੀ ਨਰਵਿੰਦਰ ਸਿੰਘ ਬਾਰੇ ਦੱਸਿਆ ਸੀ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਦੋਸ਼ੀ ਨਰਵਿੰਦਰ ਸਿੰਘ ਦੇ ਸੰਬੰਧ ਸਿੱਧੇ ਤੌਰ 'ਤੇ ਸ਼ੁਭਮ ਦੇ ਨਾਲ ਸਨ। ਉਹ ਉਸ ਨੂੰ ਲੁਕਣ ਵਿੱਚ ਮਦਦ ਕਰਦਾ ਸੀ। ਐੱਸ ਐੱਸ ਪੀ ਰੂਰਲ ਨੇ ਨਰਵਿੰਦਰ ਨੂੰ ਡਿਸਮਿਸ ਕਰ ਦਿੱਤਾ ਹੈ। ਗੈਂਗਸਟਰ ਦੇ ਖੁਲਾਸੇ ਵਿੱਚ ਪੁਲਸ ਮੁਲਾਜ਼ਮ ਦੇ ਸ਼ਾਮਿਲ ਹੋਣ ਦੀ ਗੱਲ ਸੁਣ ਕੇ ਪੁਲਸ ਵੀ ਹੈਰਾਨ ਹੋ ਗਈ ਸੀ।

# 100 ਦਿਨ ਹੋਟਲ ਵਿੱਚ ਐਸ਼ ਕੀਤੀ, 12 ਲੱਖ ਬਿੱਲ ਆਉਣ ਉੱਤੇ ਫਰਾਰ ਹੋ ਗਿਆ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਹੈਦਰਾਬਾਦ ਦੇ ਪੰਜ-ਤਾਰਾ ਹੋਟਲ ਵਿੱਚ ਇੱਕ ਵਿਅਕਤੀ 100 ਦਿਨਾਂ ਤੋਂ ਵੱਧ ਸਮਾਂ ਰਿਹਾ, ਪਰ 12.34 ਲੱਖ ਰੁਪਏ ਦਾ ਬਿੱਲ ਆਉਣ 'ਤੇ ਖਿਸਕ ਗਿਆ ਹੈ। ਪੁਲਸ ਨੇ ਕਿਹਾ ਕਿ ਤਾਜ ਵਣਜਾਰਾ ਹੋਟਲ ਦੇ ਪ੍ਰਬੰਧਕਾਂ ਵੱਲੋਂ ਦਿੱਤੀ ਸ਼ਿਕਾਇਤ 'ਤੇ ਕਾਰਵਾਈ ਕਰ ਕੇ ਪੁਲਸ ਨੇ ਏ ਸ਼ੰਕਰ ਨਾਰਾਇਣ ਵਿਰੁੱਧ ਧੋਖਾਧੜੀ ਅਤੇ ਅਪਰਾਧਕ ਧੋਖੇ ਦਾ ਕੇਸ ਦਰਜ ਕੀਤਾ ਹੈ ਜਿਸ ਨੂੰ ਵਿਸ਼ਾਖਾਪਟਨਮ ਦਾ ਵਪਾਰੀ ਦੱਸਿਆ ਜਾ ਰਿਹਾ ਹੈ।

ਹੋਟਲ ਪ੍ਰਬੰਧਕਾਂ ਮੁਤਾਬਕ ਇਹ ਵਿਅਕਤੀ ਲਗਜ਼ਰੀ ਸੁਈਟ ਵਿੱਚ 102 ਦਿਨ ਰੁਕਿਆ ਸੀ। ਉਸ ਦਾ 100 ਦਿਨ ਦਾ ਬਿੱਲ 25.96 ਲੱਖ ਰੁਪਏ ਬਣਿਆ ਅਤੇ ਉਸ ਨੇ 13.62 ਲੱਖ ਰੁਪਏ ਭੁਗਤਾਨ ਕੀਤਾ ਅਤੇ ਇਸ ਸਾਲ ਅਪ੍ਰੈਲ ਵਿੱਚ ਕਿਸੇ ਨੂੰ ਦੱਸੇ ਬਿਨਾਂ ਹੋਟਲ ਛੱਡ ਕੇ ਚਲਾ ਗਿਆ। ਇਸ ਪਿੱਛੋਂ ਹੋਟਲ ਪ੍ਰਬੰਧਕਾਂ ਨੇ ਉਸ ਨੂੰ ਫੋਨ ਕੀਤਾ। ਉਸ ਨੇ ਵਾਅਦਾ ਕੀਤਾ ਕਿ ਉਹ ਪੂਰਾ ਬਿੱਲ ਭਰੇਗਾ। ਬਾਅਦ ਵਿੱਚ ਉਸ ਨੇ ਫੋਨ ਨੰਬਰ ਬੰਦ ਕਰ ਦਿੱਤਾ ਤਾਂ ਹੋਟਲ ਸਟਾਫ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ। ਪੁਲਸ ਸਬ ਇੰਸਪੈਕਟਰ ਪੀ ਰਵੀ ਨੇ ਕਿਹਾ ਕਿ ਹੋਟਲ ਦੀ ਸ਼ਿਕਾਇਤ ਉਤੇ ਉਨ੍ਹਾਂ ਨੇ ਕੇਸ ਦਰਜ ਕਰ ਲਿਆ ਤੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਵਪਾਰੀ ਨਾਰਾਇਣ ਨੇ ਦਾਅਵਾ ਕੀਤਾ ਹੈ ਕਿ ਉਹ ਹੋਟਲ ਵਿੱਚ ਪੂਰਾ ਭੁਗਤਾਨ ਕਰ ਕੇ ਉਥੋਂ ਆਇਆ ਸੀ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਫਸਾਇਆ ਜਾ ਰਿਹਾ ਹੈ। ਉਸ ਨੇ ਕਿਹਾ ਕਿ ਉਹ ਹੋਟਲ ਵਿਰੁੱਧ ਕਾਨੂੰਨੀ ਕਾਰਵਾਈ ਕਰਨ 'ਤੇ ਵਿਚਾਰ ਕਰ ਰਿਹਾ ਹੈ।

# ਆਦਮਪੁਰ ਹਵਾਈ ਅੱਡੇ ਅੰਦਰ ਮੁਸਾਫਰ ਖੜ੍ਹੇ ਹੋ ਕੇ ਜਹਾਜ਼ ਲਈ ਉਡੀਕ ਕਰਦੇ ਨੇ

ਜਲੰਧਰ, 12 ਅਗਸਤ (ਪੋਸਟ ਬਿਊਰੋ)- ਆਦਮਪੁਰ-ਦਿੱਲੀ ਫਲਾਈਟ 'ਚ ਸਫਰ ਕਰਨ ਵਾਲੇ ਮੁਸਾਫਰਾਂ ਨੂੰ ਸਪਾਈਸ ਜੈਟ ਏਅਰਲਾਈਨ ਵੱਲੋਂ ਕੀਤੀ ਜਾਂਦੀ ਮਨਮਰਜ਼ੀ ਦਾ ਖਾਮਿਆਜ਼ਾ ਭੁਗਤਣਾ ਪੈ ਰਿਹਾ ਹੈ। ਭਾਰੀ ਗਰਮੀ ਅਤੇ ਉਮਸ ਦੇ ਮੌਸਮ 'ਚ ਆਦਮਪੁਰ ਤੋਂ ਦਿੱਲੀ ਲਈ ਫਲਾਈਟ ਲੈਣ ਵਾਲੇ ਮੁਸਾਫਰਾਂ ਨੂੰ ਆਦਮਪੁਰ ਸਿਵਲ ਏਅਰਪੋਰਟ ਦੀ ਪੈਸੰਜਰ ਵੇਟਿੰਗ ਲਾਉਂਜ ਵਿੱਚ ਕੱਲ੍ਹ ਬੈਠਣ ਲਈ ਕੁਰਸੀ ਤੱਕ ਨਹੀਂ ਮਿਲ ਸਕੀ। ਪਤਾ ਲੱਗਾ ਹੈ ਕਿ ਮੁਸਾਫਰਾਂ ਦੀ ਗਿਣਤੀ 75 ਪਾਰ ਕਰਨ ਨਾਲ ਸਾਰੀ ਲਾਉਂਜ ਫੁੱਲ ਹੋ ਗਈ ਤੇ ਉਸ ਦੇ ਬਾਅਦ ਪੁੱਜੇ ਲਗਭਗ 15 ਮੁਸਾਫਰਾਂ ਨੂੰ ਖੜੇ ਹੋ ਕੇ ਜਹਾਜ਼ ਦੀ ਉਡੀਕ ਕਰਨੀ ਪਈ। ਸਪਾਈਸ ਜੈਟ ਸਟਾਫ ਵੱਲੋਂ ਮੁਸਾਫਰਾਂ ਦਾ ਗੁੱਸਾ ਸ਼ਾਂਤ ਕਰਨ ਲਈ ਅਰਾਈਵਲ ਲਾਉਂਜ ਦੀਆਂ ਕੁਰਸੀਆਂ ਨੂੰ ਡਿਪਾਰਚਰ ਲਾਉਂਜ 'ਚ ਲਿਆ ਕੇ ਲੋਕਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਤੱਕ ਕੁਰਸੀਆਂ ਪੁੱਜੀਆਂ, ਉਦੋਂ ਤੱਕ ਜਹਾਜ਼ ਪੁੱਜ ਚੁੱਕਾ ਸੀ ਤੇ ਮੁਸਾਫਰਾਂ ਨੂੰ ਜਹਾਜ਼ 'ਚ ਸਵਾਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਸੀ। ਵਰਨਣ ਯੋਗ ਹੈ ਕਿ ਸਪਾਈਸ ਜੈਟ ਏਅਰਲਾਈਨ ਵੱਲੋਂ ਅਚਾਨਕ 78 ਸੀਟਾਂ ਦੀ ਥਾਂ 90 ਸੀਟਰ ਜਹਾਜ਼ ਆਦਮਪੁਰ-ਦਿੱਲੀ ਸੈਕਟਰ 'ਚ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਪਿੱਛੋਂ ਮੁਸਾਫਰਾਂ ਨੂੰ ਪੈਸੰਜਰ ਵੇਟਿੰਗ ਹਾਲ ਵਿੱਚ ਬੈਠਣ ਦੀ ਜਗ੍ਹਾ ਨਹੀਂ ਮਿਲ ਰਹੀ।

# ਮੋਟਰ ਸਾਈਕਲਾਂ ਦੀ ਸਿੱਧੀ ਟੱਕਰ ਵਿੱਚ ਦੋ ਮੌਤਾਂ

ਨਿਹਾਲ ਸਿੰਘ ਵਾਲਾ, 12 ਅਗਸਤ (ਪੋਸਟ ਬਿਊਰੋ)- ਕੱਲ੍ਹ ਰਾਤ ਨੇੜਲੇ ਪਿੰਡ ਬਿਲਾਸਪੁਰ ਤੋਂ ਭਾਗੀਕੇ ਰੋਡ ਉਤੇ ਦੋ ਮੋਟਰ ਸਾਈਕਲਾਂ ਦੀ ਟੱਕਰ ਵਿੱਚ ਬਿਲਾਸਪੁਰ ਦੇ ਦੋ ਨੌਜਵਾਨਾਂ ਦੀ ਮੌਤ ਹੋ ਗਈ ਤੇ ਚਾਰ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਅਰਸ਼ਦੀਪ ਸਿੰਘ, ਰਵਿੰਦਰ ਸਿੰਘ ਅਤੇ ਹਰਜੀਤ ਸਿੰਘ ਮੋਟਰ ਸਾਈਕਲ 'ਤੇ ਭਾਗੀਕੇ ਤੋਂ ਬਿਲਾਸਪੁਰ ਜਾ ਰਹੇ ਸਨ। ਇਸ ਦੌਰਾਨ ਸਾਹਮਣੇ ਤੋਂ ਆਏ ਮੋਟਰ ਸਾਈਕਲ ਨਾਲ ਟੱਕਰ ਹੋ ਗਈ। ਦੂਜੇ ਮੋਟਰ ਸਾਈਕਲ ਉਤੇ ਧਰਮਪ੍ਰੀਤ ਸਿੰਘ, ਉਸ ਦੀ ਮਾਤਾ ਰਾਣੀ ਕੌਰ ਅਤੇ ਭਾਣਜਾ ਅਰਮਾਨ ਸਿੰਘ ਬਿਲਾਸਪੁਰ ਤੋਂ ਭਾਗੀਕੇ ਜਾ ਰਹੇ ਸਨ। ਇਸ ਹਾਦਸੇ ਵਿੱਚ ਅਰਸ਼ਦੀਪ ਸਿੰਘ (13), ਧਰਮਪ੍ਰੀਤ ਸਿੰਘ (21) ਦੀ ਮੌਤ ਹੋ ਗਈ। ਰਵਿੰਦਰ ਸਿੰਘ ਤੇ ਹਰਜੀਤ ਸਿੰਘ ਗੰਭੀਰ ਜ਼ਖਮੀ ਹੋ ਗਏ, ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਰਾਣੀ ਕੌਰ ਤੇ ਅਰਮਾਨ ਨੂੰ ਮਾਮੂਲੀ ਸੱਟਾਂ ਲੱਗੀਆਂ। ਤਿੰਨੇ ਨੌਜਵਾਨ ਭਾਗੀਕੇ ਵਿੱਚ ਆਪਣੇ ਕਿਸੇ ਰਿਸ਼ਤੇਦਾਰ ਦਾ ਸਾਮਾਨ ਫੜਾ ਕੇ ਪਰਤ ਰਹੇ ਸਨ ਅਤੇ ਧਰਮਪ੍ਰੀਤ ਸਿੰਘ ਆਪਣੀ ਮਾਤਾ ਤੇ ਭਾਣਜੇ ਨਾਲ ਜਾਗਰਣ 'ਤੇ ਜਾ ਰਿਹਾ ਸੀ। ਸੜਕ ਦੀ ਹਾਲਤ ਠੀਕ ਨਾ ਹੋਣ ਕਾਰਨ ਦੋਵੇਂ ਵਾਹਨ ਚਾਲਕਾਂ ਦਾ ਧਿਆਨ ਸਾਹਮਣੇ ਤੋਂ ਆਏ ਵਾਹਨ ਦੀ ਥਾਂ ਸੜਕ 'ਤੇ ਪਏ ਖੱਡਿਆਂ ਵੱਲ ਹੋ ਗਿਆ ਤੇ ਇਹ ਹਾਦਸਾ ਵਾਪਰ ਗਿਆ। ਦੋਵਾਂ ਮੋਟਰ ਸਾਈਕਲਾਂ ਦੀ ਸਿੱਧੀ ਟੱਕਰ ਹੋਣ ਕਾਰਨ ਅਰਸ਼ਦੀਪ ਸਿੰਘ ਤੇ ਧਰਮਪ੍ਰੀਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਇਸ ਹਾਦਸੇ ਵਿੱਚ ਰਵਿੰਦਰ ਸਿੰਘ ਤੇ ਹਰਜੀਤ ਸਿੰਘ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਲੁਧਿਆਣਾ ਤੇ ਨਿਹਾਲ ਸਿੰਘ ਵਾਲਾ ਦੇ ਹਸਪਤਾਲਾਂ ਵਿੱਚ ਭਰਤੀ ਕਰਵਾਇਆ ਗਿਆ।







# ਕੌਮਾਂਤਰੀ ਪਹਿਲਵਾਨ ਮਹਾਵੀਰ ਫ਼ੋਗਾਟ ਆਪਣੀ ਧੀ ਬਬੀਤਾ ਸਮੇਤ ਭਾਜਪਾ ਵਿੱਚ ਸ਼ਾਮਿਲ



ਨਵੀਂ ਦਿੱਲੀ, 12 ਅਗਸਤ, (ਪੋਸਟ ਬਿਊਰੋ)-ਹਰਿਆਣਾਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੁਸ਼ਯੰਤ ਚੌਟਾਲਾ ਦੀ ਜਨਨਾਇਕ ਜਨਤਾ ਪਾਰਟੀ ਨੂੰ ਝਟਕਾ ਲੱਗਾ ਹੈ। ਇਸ ਦਾ ਸਾਥ ਛੱਡ ਕੇ ਮਹਾਵੀਰ ਫ਼ੋਗਾਟ ਤੇ ਉਨ੍ਹਾਂ ਦੀ ਪਹਿਲਵਾਨ ਬੇਟੀ ਬਬੀਤਾ ਫ਼ੋਗਾਟ ਅੱਜ ਸੋਮਵਾਰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਬਬੀਤਾ ਅਤੇ ਮਹਾਵੀਰ ਫ਼ੋਗਾਟ ਨੇ ਕੇਂਦਰੀ ਮੰਤਰੀ ਕਿਰਣ ਰਿਜੀਜੂ ਦੀ ਮੌਜੂਦਗੀ ਵਿੱਚ ਭਾਜਪਾ ਦਾ ਪੱਲਾ ਫੜਿਆ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਮਹਾਵੀਰ ਫੋਗਾਟ ਜਾਂ ਉਸ ਦੀ ਧੀ ਬਬੀਤਾ ਨੂੰ ਭਾਜਪਾ ਵਿਧਾਨ ਸਭਾ ਟਿਕਟ ਦੇ ਸਕਦੀ ਹੈ।ਬਬੀਤਾ ਨੇ ਪਿਛਲੇ ਦਿਨੀਂ ਜੰਮੂ-ਕਸ਼ਮੀਰ ਤੋਂ ਧਾਰਾ-370 ਹਟਾਏ ਜਾਣ ਪਿੱਛੋਂ ਭਾਜਪਾ ਸਰਕਾਰ ਦੀ ਸ਼ਲਾਘਾ ਕੀਤੀ ਅਤੇ ਭਾਜਪਾ ਆਗੂ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਭਾਸ਼ਣ ਰੀਟਵੀਟ ਕੀਤਾ ਸੀ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਮੇਰੇ ਮਨ ਵਿੱਚ ਥੋੜ੍ਹੀ ਜਿਹੀ ਵੀ ਉਲਝਣਨਹੀਂ ਸੀ ਕਿ ਧਾਰਾ 370 ਹਟਣੀ ਚਾਹੀਦੀ ਹੈ ਜਾਂ ਨਹੀਂ, ਮੈਂ ਮੰਨਦਾ ਹਾਂ ਕਿ ਧਾਰਾ 370 ਨਾਲ ਦੇਸ਼ ਤੇ ਕਸ਼ਮੀਰ ਦਾ ਭਲਾ ਨਹੀਂ ਹੋਇਆ, ਇਹ ਬਹੁਤ ਪਹਿਲਾਂ ਖ਼ਤਮ ਹੋਣੀ ਚਾਹੀਦੀ ਸੀ। ਧਾਰਾ 370 ਹਟਾਏ ਤੋਂ ਬਾਅਦ ਕਸ਼ਮੀਰ ਵਿੱਚ ਅਤਿਵਾਦ ਖ਼ਤਮ ਹੋਵੇਗਾ ਅਤੇ ਕਸ਼ਮੀਰ ਵਿਕਾਸ ਦੇ ਰਸਤੇ ਉੱਤੇ ਅੱਗੇ ਵਧੇਗਾ।

ਸਾਲ 2014 ਅਤੇ 2018 ਦੀਆਂ ਕਾਮਨਵੈਲਥ ਖੇਡਾਂ ਵਿੱਚ30 ਸਾਲਾ ਬਬੀਤਾ ਨੇ ਸੋਨੇ ਦੇ ਤਮਗ਼ੇ ਜਿੱਤੇ ਸਨ ਅਤੇ ਸਾਲ 2010 ਦੀਆਂ ਕਾਮਨਵੈਲਥ ਗੇਮਜ਼ ਵਿੱਚ ਉਸ ਨੇ ਚਾਂਦੀ ਦਾ ਤਮਗ਼ਾ ਜਿੱਤਿਆ ਸੀ। ਫਿਰ 2012 ਵਿੱਚ ਆਯੋਜਿਤ ਵਿਸ਼ਵ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਬਬੀਤਾ ਨੇ ਕਾਂਸੀ ਦਾ ਤਮਗ਼ਾ ਜਿੱਤਿਆ ਸੀ ਅਤੇ 2013 ਦੀ ਏਸ਼ੀਅਨ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਉਸ ਨੇ ਕਾਂਸੀ ਦਾ ਤਮਗ਼ਾ ਜਿੱਤਿਆ ਸੀ।ਬਬੀਤਾ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਪਾਰਟੀ ਲਈ ਚੋਣਾਂਦੇ ਪੱਖ ਤੋਂ ਵੱਡੀ ਪ੍ਰਾਪਤੀ ਹੋ ਸਕਦਾ ਹੈ, ਕਿਉਂਕਿ ਬਬੀਤਾ ਤੇ ਉਨ੍ਹਾਂ ਦੀ ਭੈਣ ਗੀਤਾ ਦੀ ਜ਼ਿੰਦਗੀ ਉੱਤੇ 'ਦੰਗਲ' ਫ਼ਿਲਮ ਬਣ ਚੁੱਕੀ ਹੈ, ਜਿਸ ਵਿੱਚਉਨ੍ਹਾਂ ਦੇ ਪਿਤਾ ਮਹਾਵੀਰ ਫ਼ੋਗਾਟ ਦੀ ਭੂਮਿਕਾ ਆਮਿਰ ਖ਼ਾਨ ਨੇ ਨਿਭਾਈ ਸੀ ਤੇ ਇਸ ਫ਼ਿਲਮ ਨੂੰ ਦੇਸ਼-ਵਿਦੇਸ਼ ਵਿੱਚ ਕਾਫ਼ੀ ਪਸੰਦ ਕੀਤਾ ਗਿਆ ਸੀ।

# ਬਟਾਲਾ ਵਿੱਚ ਪ੍ਰੇਮੀ ਜੋੜੇ ਨੇ ਖੁਦਕੁਸ਼ੀ ਕਰ ਲਈ

ਬਟਾਲਾ, 12 ਅਗਸਤ (ਪੋਸਟ ਬਿਊਰੋ)- ਸੋਸ਼ਲ ਮੀਡੀਆ 'ਤੇ ਹੋਈ ਦੋਸਤੀ ਤੋਂ ਬਾਅਦ ਇਕ ਪ੍ਰੇਮੀ ਜੋੜਾ ਜਦੋਂ ਵਿਆਹ ਕਰਵਾਉਣ ਤੋਂ ਅਸਫਲ ਰਿਹਾ ਤਾਂ ਦੋਵਾਂ ਨੇ ਆਪਣੇ ਪਰਵਾਰਾਂ ਤੋਂ ਨਾਰਾਜ਼ ਹੋ ਕੇ ਜ਼ਹਿਰ ਖਾ ਲਿਆ। ਪ੍ਰੇਮਿਕਾ ਨੇ ਕੱਲ੍ਹ ਰਾਤ ਦਮ ਤੋੜ ਦਿੱਤਾ ਅਤੇ ਪ੍ਰੇਮੀ ਦੀ ਬਾਅਦ ਵਿੱਚ ਇਲਾਜ ਦੌਰਾਨ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਗਾਂਧੀ ਕੈਂਪ ਬਟਾਲਾ ਦੇ ਸੰਦੀਪ ਕੁਮਾਰ ਅਤੇ ਲੁਧਿਆਣਾ ਦੀ ਰਹਿਣ ਵਾਲੀ ਔਰਤ ਦੀ ਸੋਸ਼ਲ ਮੀਡੀਆ 'ਤੇ ਦੋਸਤੀ ਹੋ ਗਈ ਸੀ। ਸੰਦੀਪ ਕੁਮਾਰ ਦੇ ਸੱਤ ਸਾਲ ਪਹਿਲਾਂ ਹੋਏ ਪ੍ਰੇਮ ਵਿਆਹ ਤੋਂ ਦੋ ਬੱਚੇ ਹਨ ਅਤੇ ਉਸ ਦੀ ਪ੍ਰੇਮਿਕਾ ਵੀ ਪਹਿਲਾਂ ਵਿਆਹੀ ਹੋਈ ਸੀ ਤੇ ਉਸ ਦੇ ਵੀ ਦੋ ਬੱਚੇ ਹਨ। ਉਨ੍ਹਾਂ ਦੀ ਦੀਵਾਨਗੀ ਏਨੀ ਵਧ ਗਈ ਕਿ ਉਹ ਦੋਵੇਂ ਘਰੋਂ ਦੌੜ ਕੇ ਵਿਆਹ ਕਰਵਾਉਣਾ ਚਾਹੁੰਦੇ ਸਨ ਜਿਸ ਕਰਕੇ ਉਕਤ ਔਰਤ ਲੁਧਿਆਣਾ ਤੋਂ ਆਈ ਸੀ। ਇਸ ਬਾਰੇ ਉਸ ਔਰਤ ਦੇ ਪਰਵਾਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਬਟਾਲਾ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ। ਪੁਲਸ ਨੇ ਸੰਦੀਪ ਕੁਮਾਰ ਦੇ ਘਰ ਛਾਪਾ ਮਾਰਿਆ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਵਿਆਹ ਨਹੀਂ ਹੋ ਸਕਦਾ ਤਾਂ ਉਨ੍ਹਾਂ ਜ਼ਹਿਰ ਖਾ ਲਿਆ। ਲੋਕਾਂ ਨੇ ਦੋਵਾਂ ਨੂੰ ਸਿਵਲ ਹਸਪਤਾਲ ਬਟਾਲਾ ਦਾਖਲ ਕਰਵਾਇਆ, ਜਿਥੋਂ ਡਾਕਟਰਾਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ, ਪਰ ਪ੍ਰੇਮਿਕਾ ਦੀ ਰਸਤੇ ਵਿੱਚ ਮੌਤ ਹੋ ਗਈ।













# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਇਕ ਕਾਂਡ

## ਕੰਵਲ ਦਾ ਸ਼ਾਹਕਾਰ ਨਾਵਲ ਪੂਰਨਮਾਸ਼ੀ-5



-ਪ੍ਰਿੰ. ਸਰਵਣ ਸਿੰਘ-




ਪਿੰਡ ਦੇ ਆਲੇ ਦੁਆਲੇ ਚੱਕਰ ਲਾ ਕੇ ਅਤੇ ਕਈ ਨਿਕਟ ਸਨੇਹੀਆਂ ਦੇ ਘਰ ਜਾ ਕੇ ਜਾਗੋ ਮੁੜ ਵਿਆਹ ਵਾਲੇ ਘਰ ਦੇ ਵਿਹੜੇ ਵਿਚ ਆ ਗਈ। ਮੁਟਿਆਰ ਕੁੜੀਆਂ ਅਤੇ ਵਹੁਟੀਆਂ ਨੇ ਗਿੱਧਾ ਪਾਉਣ ਲਈ ਘੇਰਾ ਘੱਤ ਲਿਆ। ਕੁਝ ਇਕ ਜ਼ਿੰਦਾਦਿਲ ਅਧਖੜ ਔਰਤਾਂ ਦੇ ਜਜ਼ਬਾਤ ਵੀ ਉਛਾਲਾ ਖਾ ਗਏ ਅਤੇ ਉਹ ਆਪਣੇ ਧੌਲਿਆਂ ਦਾ ਖ਼ਿਆਲ ਭੁਲਾ ਕੇ ਗਿੱਧੇ ਵਿਚ ਆ ਜੁੜੀਆਂ। ਮੁਟਿਆਰਾਂ ਦੀਆਂ ਅੱਡੀਆਂ ਅਤੇ ਪੱਬੀਆਂ ਨਾਲ ਖੁੱਲ੍ਹੇ ਵਿਹੜੇ ਵਿਚ ਧਮਕਾਂ ਪੈਣ ਲੱਗੀਆਂ। ਇਕ ਕੁੜੀ ਨੇ ਪਹਿਲ ਕਰਦਿਆਂ ਬੋਲੀ ਪਾਈ:

ਗਿੱਧਾ ਗਿੱਧਾ ਕਰੇਂ ਮੇਲਣੇ, ਗਿੱਧਾ ਪਊ ਬਥੇਰਾ,
ਲੋਕ ਘਰਾਂ ਤੋਂ ਜੁੜ ਕੇ ਆਗੇ, ਲਾ ਬੁਢੜਾ ਲਾ ਠੇਰਾ,
ਝਾਤੀ ਮਾਰ ਕੇ ਵੇਖ ਉਤਾਂਹ ਨੂੰ, ਭਰਿਆ ਪਿਆ ਬਨੇਰਾ,
ਤੈਨੂੰ ਧੁੱਪ ਲੱਗਦੀ, ਸੜੇ ਕਾਲਜਾ ਮੇਰਾ,
ਤੈਨੂੰ ਧੁੱਪ ਲੱਗਦੀ...।

ਸੱਚੀਂ ਮੁੱਚੀਂ ਗਿੱਧਾ ਵੇਖਣ ਵਾਲਿਆਂ ਨਾਲ ਬਨੇਰੇ ਭਰੇ ਪਏ ਸਨ। ਗਿੱਧੇ ਦੀਆਂ ਤਾੜੀਆਂ ਅਤੇ ਗੀਤਾਂ ਦੀਆਂ ਰੰਗਲੀਆਂ ਹੇਕਾਂ ਨੇ ਨੇੜ ਤੇੜ ਦੇ ਗਭਰੂਆਂ ਦੀ ਨੀਂਦ ਉਚਾਟ ਕਰ ਦਿੱਤੀ। ਉਹ ਗਿੱਧਾ ਵੇਖਣ ਲਈ ਮਜਬੂਰ ਹੋ ਗਏ। ਕਈ ਇਕ ਪੌੜੀ ਤੋਂ ਦੀ ਤਿਲ੍ਹਕਦੇ ਥੱਲੇ ਖੁਰਲੀਆਂ 'ਤੇ ਆ ਬੈਠੇ। ਜਾਗੋ ਚੁੱਕਣ ਵਾਲੀ ਕੁੜੀ ਨੇ ਕਮਾਲ ਈ ਕਰ ਦਿੱਤੀ ਸੀ। ਉਸ ਦੀਆਂ ਫਿਜ਼ਾ ਵਿਚ ਖੁੱਲ੍ਹੀਆਂ ਅਤੇ ਵਲ ਖਾ ਖਾ ਮੁੜਦੀਆਂ ਬਾਹਾਂ ਜ਼ਿੰਦਗੀ ਨੂੰ ਕਲਾਵੇ ਵਿਚ ਮਦਹੋਸ਼ ਕਰ ਰਹੀਆਂ ਸਨ। ਰੂੰ ਪਿੰਜਦੀਆਂ ਦੇ ਅੱਗੇ ਆਏ ਪੱਲੇ ਇਉਂ ਉਡ ਰਹੇ ਸਨ, ਜਿਵੇਂ ਤੇਲੀ ਦੇ ਵਾੜੇ ਵਿਚ ਰੂੰ। ਸ਼ਾਮੋ ਨੂੰ ਟੋਕ ਮਾਰਨ ਲਈ ਕੁੜੀ ਨੇ ਬੋਲੀ ਦਾ ਮੋੜ ਦਿੱਤਾ:

ਬੱਗੀ ਬੱਗੀ ਕਣਕ ਦੇ ਮੰਡੇ ਪਕਾਉਣੀ ਆਂ,
ਛਾਵੇਂ ਬਹਿ ਕੇ ਖਾਵਾਂਗੇ, ਚਿੱਤ ਕਰੂ ਮੁਕਲਾਵੇ ਜਾਵਾਂਗੇ।

ਮੇਲਣਾਂ ਨੇ ਮੁੰਡਿਆਂ ਨੂੰ ਕਾਨੀਆਂ ਮਾਰੀਆਂ, ਏਥੇ ਤਾਂ ਸਾਰੇ ਝੁੱਡੂ ਹੀ ਹਨ। ਮੁੰਡਿਆਂ ਨੂੰ ਗੁੱਸਾ ਆ ਗਿਆ ਅਤੇ ਸਾਰਿਆਂ ਸਮਝਿਆ, ਹੁਣ ਤਾਂ ਵਾਰੀ ਲੈਣੀ ਹੀ ਪਵੇਗੀ। ਮਾਲ ਚਾਰਨ ਵਾਲੇ ਇਕ ਮੁੰਡੇਨੇ ਜਿਗਰਾ ਕਰ ਕੇ ਪਟਵਾਰਨ ਦੀ ਬੋਲੀ ਪਾਈ, ਜਿਵੇਂ ਉਹ ਉਸ 'ਤੇ ਆਸ਼ਕ ਸੀ:

ਅੱਖ ਪਟਵਾਰਨ ਦੀ, ਇੱਲ ਦੇ ਆਲ੍ਹਣੇ ਆਂਡਾ।

ਬੋਲੀ ਦੀ ਹੇਕ ਟੁੱਟਣ 'ਤੇ ਮੁੰਡੇ ਨੇ ਬੋਲੀ ਫਿਰ ਚੁੱਕ ਲਈ:

ਨਵੀਂ ਬਹੂ ਮੁਕਲਾਵੇ ਆਈ, ਸੱਸ ਧਰਤੀ ਪੈਰ ਨਾ ਲਾਵੇ।
ਲੈ ਨੀ ਨੋਹੇਂ ਰੋਟੀ ਖਾ ਲੈ, ਨੋਂਹ ਸੰਗਦੀ ਨਾ ਖਾਵੇ।
ਪਿਛਲੇ ਯਾਰ ਦਾ ਕਰਦੀ ਹੇਰਵਾ, ਕਿਹਨੂੰ ਆਖ ਸੁਣਾਵੇ।
ਰੋਂਦੀ ਭਾਬੋ ਦੇ ਨਣਦ ਬੁਰਕੀਆਂ ਪਾਵੇ,
ਰੋਂਦੀ ਭਾਬੋ ਦੇ...।

ਸ਼ਾਮੋ ਨੂੰ ਬੋਲੀ ਕਾਟ ਕਰ ਗਈ। ਉਸ ਆਪਣੇ ਤਲਖ਼ ਉਭਰਦੇ ਅੰਦਰ ਨੂੰ ਠਾਰਨ ਲਈ ਵਾਰੀ ਲਈ, ਜਿਸ ਨੂੰ ਮੁੰਡਿਆਂ ਇਕ ਦੂਜੇ ਦੇ ਕੂਹਣੀਆਂ ਮਾਰਦਿਆਂ ਸੁਣਿਆ:

ਇਸ਼ਕ ਤੰਦੂਰ ਹੱਡਾਂ ਦਾ ਬਾਲਣ, ਦੋਜ਼ਖਾਂ ਨਾਲ ਤਪਾਵਾਂ।
ਕੱਢ ਕਲੇਜਾ ਕਰ ਲਾਂ ਪੇੜੇ, ਹੁਸਨ ਪਲੇਥਣ ਲਾਵਾਂ।
ਮਿੱਤਰਾ ਮੁੜ ਪਓ ਵੇ, ਰੋਜ਼ ਔਸੀਆਂ ਪਾਵਾਂ, ਮਿੱਤਰਾ ਮੁੜ ਪਓ ਵੇ...।

ਅੱਧੀ ਰਾਤ ਤਕ ਗਿੱਧੇ ਦੀ ਧਮਕਾਰ ਪੈਂਦੀ ਰਹੀ। ਜ਼ਿੰਦਗੀ ਦੇ ਵਗਦੇ ਦਰਿਆ ਉਤੋਂ ਦੀ ਲੋਕ ਗੀਤਾਂ ਦੇ ਰੁਮਾਂਚ-ਪੁਲ ਬੱਝਦੇ ਰਹੇ। ਰੂੰ ਦੇ ਗੋਹੜੇ ਉਡਦੇ ਰਹੇ, ਲੱਕ ਲਚਕਾਰੇ ਖਾਂਦੇ ਰਹੇ ਅਤੇ ਅਰਮਾਨ ਧੜਕਦੇ ਰਹੇ। ਨਾਨਕੇ ਮੇਲ ਨੇ ਕੋਠੇ ਚੜ੍ਹ ਕੇ ਛੱਜ ਕੁੱਟਿਆ ਅਤੇ ਮੁੜ ਸਾਰੀਆਂ ਮੇਲਣਾਂ ਥਾਂ ਪੁਰ ਥਾਂ ਮੰਜਿਆਂ 'ਤੇ ਪੈ ਗਈਆਂ।

ਘੋਲੀਏ ਮਾਰੇ ਡਾਕੇ ਦਾ ਵਰਣਨ:

ਘੋਲੀਏ ਤੋਂ ਇਕ ਮੀਲ 'ਤੇ ਨਹਿਰ ਸਰਹੰਦ ਵਗਦੀ ਸੀ। ਨਹਿਰ ਦੇ ਕਾਹਾਂ ਵਿਚ ਲੁਕ ਕੇ ਉਨ੍ਹਾਂ ਦੁਪਹਿਰਾ ਲੰਘਾਇਆ। ਡਾਕਾ ਮਾਰਨ ਦਾ ਸਮਾਂ ਉਨ੍ਹਾਂ ਆਥਣ ਦਾ ਚੰਗਾ ਸਮਝਿਆ, ਕਿਉਂਕਿ ਇਸ ਤਰ੍ਹਾਂ ਉਹ ਅੱਗੇ ਰਾਤ ਪੈ ਜਾਣ ਨਾਲ ਦੂਰ ਨੇੜੇ ਜਾ ਸਕਦੇ ਸਨ ਅਤੇ ਉਨ੍ਹਾਂ ਦਾ ਬਹੁਤੀ ਦੂਰ ਤਕ ਪਿੱਛਾ ਨਹੀਂ ਸੀ ਕੀਤਾ ਜਾ ਸਕਦਾ। ਨਹਿਰ ਦੇ ਪਾਣੀ ਨਾਲ ਹੀ ਉਨ੍ਹਾਂ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਉਹ ਆਪਣੇ ਦਿਲ ਨੂੰ ਤਕੜਾ ਕਰਨਾ ਚਾਹੁੰਦੇ ਸਨ। ਮਨੁੱਖ ਜਦ ਕੋਈ ਗੁਨਾਹ ਕਰਦਾ ਹੈ, ਤਦ ਜ਼ਮੀਰ ਅੰਦਰੋਂ ਕੁਰਲਾਉਂਦੀ ਹੈ। ਜ਼ਮੀਰ ਦੀ ਆਵਾਜ਼ ਨੂੰ ਦਬਾਉਣ ਲਈ ਉਹ ਨਸ਼ੇ ਵਰਤਦਾ ਹੈ। ਸਹੀ ਹੋਸ਼ ਵਿਚ ਮਨੁੱਖ ਤੋਂ ਅਵੱਗਿਆ ਹੋਣੀ ਮੁਸ਼ਕਲ ਹੀ ਨਹੀਂ, ਸਗੋਂ ਕਈ ਵਾਰ ਅਸੰਭਵ ਵੀ ਹੋ ਜਾਂਦੀ ਹੈ। ਜਦ ਪਾਲੀਆਂ ਪਸ਼ੂ ਡੰਗਰ ਪਿੰਡ ਨੂੰ ਛੇੜ ਦਿੱਤੇ ਤਦ ਉਹ ਚਾਰੇ ਪਿੰਡ ਵੱਲ ਹੌਲੀ ਹੌਲੀ ਸਰਕਦੇ ਗਏ। ਇਕ ਦੁਨਾਲੀ ਅਰਜਨ ਦੇ ਮੋਢੇ ਪਾਈ ਹੋਈ ਸੀ ਅਤੇ ਪਠਾਣੀ ਦਿਆਲੇ ਦੀ ਕੱਛ ਵਿਚ ਘੁੱਟੀ ਹੋਈ ਸੀ। ਅਰਜਨ ਨੇ ਕਰਾਰੇ ਬੋਲ ਨਾਲ ਦਿਆਲੇ ਤੋਂ ਪੁੱਛਿਆ, "ਕਿਉਂ ਬਈ! ਛੱਤ ਸਾਂਭਣੀ ਏ ਜਾਂ ਵਿਹੜਾ?"

"ਮੌਕੇ 'ਤੇ ਜਿਹੜਾ ਸੂਤ ਲੱਗਾ।" ਦਿਆਲੇ ਨੇ ਪੱਥਰ ਚੁੱਪ ਤੋੜਦਿਆਂ ਉੱਤਰ ਦਿੱਤਾ।

ਸ਼ਾਮੋ ਦੇ ਸਹੁਰਿਆਂ ਦਾ ਘਰ ਨਾ ਪਿੰਡ ਦੇ ਵਿਚਾਲੇ ਸੀ ਅਤੇ ਨਾ ਹੀ ਬਾਹਰ। ਨੂਰਾ ਭੇਤੀ ਹੋਣ ਕਰਕੇ ਸਾਰਿਆਂ ਦੀ ਅਗਵਾਈ ਕਰ ਰਿਹਾ ਸੀ। ਘਰ ਨੂੰ ਮੁੜਦੀ ਗਲੀ ਤੋਂ ਉਹ ਇਕੱਠੇ ਹੀ ਭੱਜ ਪਏ। ਘਰ ਵੜਦਿਆਂ ਹੀ ਸ਼ਾਮੋ ਦੀ ਸੱਸ ਕਿਸੇ ਗੁਆਂਢੀ ਘਰੋਂ ਕੋਈ ਚੀਜ਼ ਲੈਣ ਜਾਂਦੀ ਮਿਲ ਗਈ। ਉਸ ਝੱਟ ਸਮਝ ਲਿਆ ਕਿ ਉਨ੍ਹਾਂ ਦੇ ਘਰ ਡਾਕੂ ਆ ਗਏ ਹਨ। ਨੂਰੇ ਨੇ ਉਸ ਨੂੰ ਬਾਹੋਂ ਫੜ ਕੇ ਅੰਦਰ ਨੂੰ ਖਿੱਚਿਆ। ਉਸ ਬੂ ਪਾਹਰਿਆਂ ਕਰਦਿਆਂ ਕਿਹਾ, "ਨਾ ਵੇ ਭਾਈ ਮੈਂ ਤਾਂ ਗੁਆਂਢਣ ਆਂ।"

"ਚਲ ਛੱਡ ਪਰ੍ਹਾਂ ਕਲਮੂੰਹੀਂ ਨੂੰ।" ਅਰਜਨ ਨੇ ਵਿਹੜੇ ਵੱਲ ਵਧਦਿਆਂ ਕਿਹਾ।

ਸ਼ਾਮੋ ਦੀ ਸੱਸ ਦੇ ਕਾਹਲੇ ਅਤੇ ਲੇਲੜੀਆਂ ਕੱਢਦੇ ਬੋਲ ਨੂੰ ਉਸ ਦੇ ਸਹੁਰੇ ਨੇ ਅਚਾਨਕ ਸੁਣਿਆ। ਮੂੰਹ ਬੰਨ੍ਹੇ ਮਨੁੱਖਾਂ ਕੋਲ ਬੰਦੂਕਾਂ ਦੇਖ ਕੇ ਉਹ ਵੀ ਸਮਝ ਗਿਆ ਕਿ ਕਾਰਾ ਹੋ ਗਿਆ। ਉਹ ਪੱਕੀਆਂ ਪੌੜੀਆਂ ਵੱਲ ਨੂੰ ਭੱਜ ਕੇ ਚੜ੍ਹ ਗਿਆ, ਓਦੋਂ ਹੀ ਅਰਜਨ ਨੇ ਉਸ ਨੂੰ ਖਲ੍ਹਾਰਨ ਲਈ ਇਕ ਹਵਾਈ ਫਾਇਰ ਕਰ ਦਿੱਤਾ। ਪਰ ਉਹ ਇਕ ਪਲ ਵੀ ਅਟਕਣ ਬਗੈਰ ਗੁਆਂਢੀਆਂ ਦੇ ਘਰ ਛਾਲ ਮਾਰ ਗਿਆ। ਸ਼ਾਮੋ ਰਸੋਈ ਵਿਚ ਆਟਾ ਗੁੰਨ੍ਹ ਰਹੀ ਸੀ। ਵਿਹੜੇ ਵਿਚ ਡਾਕੂ ਦੇਖ ਕੇ ਉਹ ਵੀ ਘਬਰਾ ਗਈ। ਉਸ ਤੋਂ ਬਿਨਾਂ ਹੋਰ ਕੋਈ ਘਰ ਨਹੀਂ ਸੀ। ਨੂਰੇ ਦੇ ਪਿੱਛੇ ਤਾਰਾ ਸਾਹਮਣਲੇ ਅੰਦਰ ਵੜਿਆ। ਅਰਜਨ ਦੀ ਸ਼ਾਮੋ ਵੱਲ ਪਿੱਠ ਸੀ। ਉਹ ਮੌਕਾ ਤਾੜ ਕੇ ਇਕ ਦਮ ਰਸੋਈ 'ਚੋਂ ਨਿਕਲੀ ਤੇ ਚੁਬਾਰੇ ਦੀਆਂ ਪੌੜੀਆਂ ਚੜ੍ਹਨ ਲੱਗੀ। ਪੌੜੀ ਚੜ੍ਹਦਿਆਂ ਉਸ ਨੂੰ ਦਿਆਲੇ ਨੇ ਦੇਖ ਲਿਆ। ਉਹ ਵੀ ਉਸ ਦੇ ਪਿੱਛੇ ਸਿਰਤੋੜ ਭੱਜ ਕੇ ਚੜ੍ਹਿਆ। ਪਰ ਸ਼ਾਮੋ ਨੇ ਦਿਆਲੇ ਦੇ ਪੁੱਜਣ ਤੋਂ ਅੱਗੋਂ ਹੀ ਚੁਬਾਰੇ ਦੇ ਬਾਰ ਨੂੰ ਧੱਕਾ ਮਾਰਿਆ, ਤਖ਼ਤੇ ਪਿੱਛੇ ਹਟ ਕੇ ਮੁੜ ਆਪਣੀ ਪਹਿਲੀ ਅਸਲੀ ਥਾਂ ਆ ਗਏ। ਬਾਰ ਵੱਲੋਂ ਭਉਂ ਕੇ ਉਹ ਬਾਰੀ ਅੱਗੇ ਆ ਖਲੋਤਾ। ਸ਼ਾਮੋ ਕੰਬਦੀ ਕੋਈ ਅੰਦਰੋਂ ਤਖਤੇ ਧੱਕੀ ਖਲੋਤੀ ਸੀ। ਦਿਆਲੇ ਨੇ ਖੁੱਲ੍ਹ ਬਾਰੀ ਵਿਚ ਬਦੂੰਕ ਦੀ ਨਾਲੀ ਟਿਕਾਂਦਿਆਂ ਆਪਣੇ ਮੂੰਹ ਦਾ ਪੱਲਾ ਲਾਹ ਦਿੱਤਾ ਅਤੇ ਕਾਹਲੇ ਸਾਹ ਸ਼ਾਮੋ ਨੂੰ ਕਿਹਾ, "ਹੁਣ ਸਿੱਧੀ ਤਰ੍ਹਾਂ ਚੁਬਾਰੇ ਦਾ ਬਾਰ ਖੋਲ੍ਹ ਤੇ ਪਤੰਦਰ ਨਾਲ ਤੁਰ।"

ਡਰ ਨਾਲ ਸ਼ਾਮੋ ਦਾ ਅੰਦਰ ਪਹਿਲਾਂ ਹੀ ਕੰਬ ਰਿਹਾ ਸੀ, ਦਿਆਲੇ ਨੂੰ ਬੰਦੂਕ ਚੁੱਕੀ ਖਲੋਤਾ ਵੇਖ ਕੇ ਉਹ ਬੱਗੀ ਪੀਲੀ ਪੈ ਗਈ। ਉਹ ਸਾਹ-ਸਤ ਬਿਨਾਂ ਕੱਖ-ਫੂਸ ਹੋ ਕੇ ਰਹਿ ਗਈ। ਦਿਆਲਾ ਤਾਂ ਮੈਨੂੰ ਚੁੱਕਣ ਆਇਆ ਹੈ। ਹੁਣ ਕੀ ਕਰਾਂ? ਏਦੂੰ ਤਾਂ ਮਰ ਈ ਜਾਵਾਂ। ਪਤਾ ਨਹੀਂ ਉਸ ਵਿਚ ਕਿਹੜੀ ਸ਼ਕਤੀ ਆ ਗਈ। ਉਸ ਮਣ ਮਣ ਦੇ ਪੈਰਾਂ ਨੂੰ ਖਿੱਚਦਿਆਂ ਆਪਣੇ ਆਪ ਨੂੰ ਬੰਦੂਕ ਦੀ ਨਾਲੀ ਅੱਗੇ ਕਰ ਦਿੱਤਾ। ਉਸ ਦੀਆਂ ਡੌਰ ਭੌਰੀਆਂ ਅੱਖਾਂ ਵਿਚ ਹੰਝੂ ਅਟਕੇ ਹੋਏ ਸਨ। ਉਹ ਇਕ ਟੱਕ ਦਿਆਲੇ ਵੱਲ ਦੇਖ ਰਹੀ ਸੀ। ਜਿਵੇਂ ਕਹਿ ਰਹੀ ਹੋਵੇ, ਮੈਨੂੰ ਤੇਰੇ ਕੋਲੋਂ ਇਹ ਆਸ ਨਹੀਂ ਸੀ, ਤੂੰ ਐਨਾ ਚੰਦਰਾ ਹੋਵੇਂਗਾ, ਮੇਰੇ ਨਾਲ ਇਉਂ ਕਰੇਂਗਾ? ਡਰਾਕਲ ਅਤੇ ਸ਼ੋਖ਼ ਸ਼ਾਮੋ ਦਾ ਚਿਹਰਾ ਦਿਆਲੇ ਨੇ ਇਸ ਤਰ੍ਹਾਂ ਸਹਿਮਿਆ ਪਹਿਲਾਂ ਕਦੇ ਨਹੀਂ ਸੀ ਦੇਖਿਆ। ਬੰਦੂਕ ਫੜੀ ਦਿਆਲੇ ਦੇ ਹੱਥ ਕੰਬੀ ਜਾ ਰਹੇ ਸਨ। ਉਸ ਦੀਆਂ ਅੱਖਾਂ ਅੱਗੇ ਹਨ੍ਹੇਰਾ ਆ ਗਿਆ। ਉਸ ਇਕ ਪਲ ਆਪਣੇ ਅੰਦਰ ਝਾਤੀ ਮਾਰੀ, ਸ਼ਾਮੋ ਦਾ ਪਿਆਰ ਉਸ ਨੂੰ ਲਾਹਨਤਾਂ ਪਾ ਰਿਹਾ ਸੀ। ਸ਼ਾਮੋ ਦੇ ਖੁਸ਼ਕ ਗਲੇ ਵਿਚੋਂ ਬੋਲ ਨਹੀਂ ਸੀ ਨਿਕਲਦਾ।ਉਸ ਹਉਕੇ ਦੀ ਘੁੱਟ ਭਰ ਕੇ ਗਲ ਨੂੰ ਤਰ ਕਰਨ ਦਾ ਯਤਨ ਕੀਤਾ ਅਤੇ ਮਸਾਂ ਏਨਾ ਹੀ ਕਹਿ ਸਕੀ, "ਗੋ..ਅ..ਲੀ।"

ਦਿਆਲੇ ਨੇ ਨਰਮ ਪੈਂਦਿਆਂ ਆਖਿਆ, "ਸ਼ਾਮੋ ਆ ਚੱਲੀਏ, ਅੱਜ ਵੇਲਾ ਏ।"

ਸ਼ਾਮੋ ਨੇ ਆਪਣੀ ਚੁੰਨੀ ਨਾਲ ਹੰਝੂ ਪੂੰਝੇ ਅਤੇ ਭਰੇ ਗਲੇ ਵਿਚੋਂ ਤਕੜੀ ਹੁੰਦਿਆਂ ਬੋਲੀ, "ਦਿਆਲਿਆ! ਮੈਂ ਹੱਥ ਜੋੜਦੀ ਆਂ, ਤੂੰ ਜਾਹ ਤੇ ਛੇਤੀ ਮੁੜ ਜਾ।" ਸ਼ਾਮੋ ਨੇ ਆਜਜ਼ਾਂ ਵਾਂਗ ਹੱਥ ਜੋੜੇ ਹੋਏ ਸਨ। ਦਿਆਲੇ ਦੇ ਲੋਹੇ ਵਰਗੇ ਕਰੜੇ ਇਰਾਦੇ, ਸ਼ਾਮੋ ਦੀ ਮਾਸੂਮ ਬੇਬਸੀ ਅੱਗੇ ਢਲ ਕੇ ਪਾਣੀ ਹੋ ਗਏ।ਉਸ ਬੰਦੂਕ ਬਾਰੀ ਵਿਚੋਂ ਖਿੱਚ ਲਈ।

"ਤੇਰੀ ਮਰਜ਼ੀ!" ਦਿਆਲੇ ਨੇ ਇਕ ਲੰਮਾ ਹਉਕਾ ਲਿਆ, ਜਿਵੇਂ ਗੋਲੀ ਉਸ ਨੂੰ ਆ ਵੱਜੀ ਸੀ। ਉਹ ਪੌੜੀਆਂ ਉੱਤਰ ਆਇਆ। ਦਿਆਲੇ ਤੇ ਸ਼ਾਮੋ ਦੀ ਪ੍ਰੇਮ ਕਹਾਣੀ ਦਾ ਇਹ ਦੁਖਦਾਈ ਅੰਤ ਸੀ।

ਉਸ ਆਉਂਦਿਆਂ ਕਿਹਾ, "ਆਓ ਚੱਲੀਏ।"

"ਕਿਉਂ?" ਵਿਹੜੇ ਵਿਚ ਸੱਪ ਵਾਂਗੂੰ ਮੇਹਲਦੇ ਅਰਜਨ ਨੇ ਪੁੱਛਿਆ।

"ਬਸ ਆਓ ਨਿਕਲ ਚੱਲੀਏ, ਬਾਕੀ ਬਾਹਰ ਦੱਸਾਂਗਾ।" ਉਸ ਬਾਹਰ ਨੂੰ ਤੁਰਦਿਆਂ ਉੱਤਰ ਦਿੱਤਾ। ਉਹ ਹਵਾ ਦੇ ਬੁੱਲੇ ਵਾਂਗ ਆਏ ਅਤੇ ਫਰਾਟੇ ਵਾਂਗ ਪਰਤ ਗਏ। .....(ਚਲਦਾ)

## ਆਮ ਲੋਕਾਂ ਦੀਆਂ ਖਾਸ ਗੱਲਾਂ

-ਪੀਤਮਾ ਦੋਮੇਲ-

ਕਹਿੰਦੇ ਨੇ ਕਿ ਪਿਆਰ ਮੁਹੱਬਤ, ਇਮਾਨਦਾਰੀ, ਵਫਾਦਾਰੀ ਵਰਗੇ ਜਜ਼ਬੇ ਕਿਸੇ ਨੂੰ ਵਿਰਾਸਤ 'ਚ ਨਹੀਂ ਮਿਲਦੇ ਅਤੇ ਨਾ ਇਹ ਜਾਤਪਾਤ, ਉਚ ਨੀਚ, ਅਮੀਰ ਗਰੀਬ ਜਾਂ ਕਿਸੇ ਯੁੱਗ ਦੇ ਮੋਹਤਾਜ ਹਨ ਅਤੇ ਨਾ ਇਨ੍ਹਾਂ ਨੂੰ ਕੋਈ ਖਰੀਦ ਜਾਂ ਵੇਚ ਸਕਦਾ ਹੈ। ਭਾਵੇਂ ਅਸੀਂ ਸਾਰੇ ਇਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ, ਫਿਰ ਵੀ ਅਸੀਂ ਇਨ੍ਹਾਂ ਨੂੰ ਤੋੜ ਮਰੋੜ ਕੇ ਆਪਣੀ ਲੋੜ ਮੁਤਾਬਕ ਆਪਣਾ ਰੰਗ ਇਨ੍ਹਾਂ 'ਤੇ ਚੜ੍ਹਾ ਦਿੰਦੇ ਹਾਂ। ਪਿਛਲੇ ਦਿਨਾਂ ਵਿੱਚ ਅਜਿਹੀਆਂ ਇਕ ਦੋ ਘਟਨਾਵਾਂ ਮੇਰੇ ਸਾਹਮਣੇ ਵਾਪਰੀਆਂ, ਜਿਨ੍ਹਾਂ ਨੂੰ ਦੇਖ ਕੇ ਮੇਰਾ ਦਿਲ ਬਾਗੋ ਬਾਗ ਹੋ ਗਿਆ। ਮੱਧ ਪ੍ਰਦੇਸ਼ ਦੇ ਮਹੂ ਸ਼ਹਿਰ 'ਚ ਅਸੀਂ ਰਹਿ ਰਹੇ ਸਾਂ। ਕਾਲੋਨੀ ਵੀ ਨਵੀਂ ਬਣੀ ਸੀ ਅਤੇ ਸਾਰੇ ਘਰ ਵੀ ਇਕਦਮ ਨਵੇਂ ਨਕੋਰ ਸਨ ਤੇ ਹਾਲਾਂ ਸੜਕਾਂ ਵੀ ਪੂਰੀ ਤਰ੍ਹਾਂ ਨਹੀਂ ਸਨ ਬਣੀਆਂ। ਇਨ੍ਹਾਂ 'ਤੇ ਰੋਜ਼ ਕੁਝ ਨਾ ਕੁਝ ਕੰਮ ਹੁੰਦਾ ਰਹਿੰਦਾ ਸੀ। ਫੌਜੀ ਗੱਡੀ ਸਵੇਰੇ-ਸਵੇਰੇ ਹੀ ਲੇਬਰ ਨੂੰ ਛੱਡ ਜਾਂਦੀ ਅਤੇ ਸ਼ਾਮੀਂ ਪੰਜ ਵਜੇ ਆ ਕੇ ਲੈ ਜਾਂਦੀ। ਘਰ ਕਿਉਂਕਿ ਨਵਾਂ ਬਣਿਆ ਸੀ, ਇਸ ਲਈ ਇਸ ਦੇ ਵਿਹੜੇ 'ਚ ਨਾ ਕੋਈ ਫੁੱਲਾਂ ਦੇ ਬੂਟੇ ਸਨ, ਨਾ ਕੋਈ ਪੇੜ ਤੇ ਘਾਹ ਵੀ ਉਗਿਆ ਹੋਇਆ ਸੀ। ਸਭ ਆਪਣਾ ਕੰਮ ਕਰਦੇ ਰਹਿੰਦੇ।

ਸਿਰਫ ਮੈਂ ਵਿਹਲੀ ਸਾਂ। ਇਸ ਲਈ ਕਦੇ ਬਾਹਰਲੇ ਬਰਾਂਡੇ 'ਚ ਬੈਠ ਕੇ ਕਦੇ ਕੁਝ ਲਿਖਦੀ, ਕਦੇ ਕੋਈ ਕਿਤਾਬ ਪੜ੍ਹਦੀ ਰਹਿੰਦੀ, ਨਹੀਂ ਤਾਂ ਐਵੇਂ ਇਧਰ ਉਧਰਲਾ ਕੰਮ ਕਰਦੀ ਰਹਿੰਦੀ। ਇਕ ਦਿਨ ਕਰੇਨ ਦੇ ਲੰਘਣ ਕਾਰਨ ਸਾਡੇ ਘਰ ਦੀ ਬਿਜਲੀ ਦੀਆਂ ਤਾਰਾਂ ਟੁੱਟ ਗਈਆਂ ਤੇ ਸਾਰੇ ਘਰ ਦੀ ਬਿਜਲੀ ਬੰਦ ਹੋ ਗਈ। ਮੌਸਮ ਭਾਵੇਂ ਬਹੁਤਾ ਗਰਮ ਨਹੀਂ ਸੀ, ਪਰ ਬਿਜਲੀ ਨਾ ਹੋਣ ਕਾਰਨ ਕਮਰਿਆਂ ਦੇ ਅੰਦਰ ਦਾ ਸਾਰਾ ਕੰਮ ਠੱਪ ਹੋ ਗਿਆ। ਸਾਹਮਣੇ ਵਾਲੇ ਘਰ ਤੋਂ ਲੰਬੀ ਤਾਰ ਖਿੱਚ ਕੇ ਕੰਮ ਚਲਾਊ ਇੰਤਜ਼ਾਮ ਹੋ ਗਿਆ ਤੇ ਅਗਲੇ ਦਿਨ ਸਭ ਤੋਂ ਪਹਿਲਾਂ ਸਾਡੇ ਘਰ ਦੀ ਬਿਜਲੀ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਗਿਆ। ਲੰਚ ਟਾਈਮ ਹੋ ਗਿਆ ਤਾਂ ਸਭ ਨੇ ਕੰਮ ਬੰਦ ਕਰ ਦਿੱਤਾ ਅਤੇ ਸੜਕ ਦੇ ਪਰਲੇ ਬੰਨੇ ਬੈਠ ਕੇ ਰੋਟੀ ਖਾਣ ਲੱਗ ਪਏ। ਲਾਅਨ 'ਚ ਕੰਮ ਕਰਦਾ ਜੋੜਾ ਵੀ ਬਰਾਂਡੇ ਦੀ ਹੇਠਲੀ ਪੌੜੀ 'ਤੇ ਬੈਠ ਗਿਆ ਅਤੇ ਲਾਅਨ 'ਚ ਲੱਗੀ ਟੂਟੀ ਤੋਂ ਹੱਥ ਧੋ ਕੇ ਰੋਟੀ ਦਾ ਡੱਬਾ ਖੋਲ੍ਹ ਕੇ ਰੋਟੀ ਖਾਣ ਲੱਗ ਪਿਆ। ਏਨੇ ਨੂੰ ਉਨ੍ਹਾਂ ਦਾ ਛੋਟਾ ਬੱਚਾ ਸਕੂਲੋਂ ਆ ਗਿਆ ਤੇ ਉਹ ਵੀ ਰੋਟੀ ਖਾਣ ਲੱਗ ਪਿਆ। ਪਲਾਸਟਿਕ ਦੀਆਂ ਛੋਟੀਆਂ-ਛੋਟੀਆਂ ਪਲੇਟਾਂ 'ਚ ਰੋਟੀ ਰੱਖ ਕੇ ਉਹ ਔਰਤ ਦੋਵਾਂ ਬਾਪ ਬੇਟੇ ਨੂੰ ਬੁਰਕੀ-ਬੁਰਕੀ ਤੋੜ ਕੇ ਰੋਟੀ ਖੁਆਉਣ ਲੱਗ ਪਈ। ਆਦਮੀ ਥੋੜ੍ਹਾ ਸੰਕੋਚ ਕਰਦਾ ਸੀ। ਉਸ ਨੂੰ ਸ਼ਾਇਦ ਅੰਦਰ ਖਿੜਕੀ 'ਤੋਂ ਉਸ ਨੂੰ ਦੇਖਦੀ ਹੋਈ ਮੈਂ ਦਿਖ ਗਈ ਹੋਵਾਂਗੀ। ਮੈਂ ਝਟਪਟ ਉਠੀ ਤੇ ਕਿਚਨ 'ਚੋਂ ਕੁਝ ਬਰਫੀ ਦੇ ਟੁਕੜੇ ਤੇ 3-4 ਲੱਡੂ ਪਲੇਟ 'ਚ ਰੱਖ ਕੇ ਛੋਟੇ ਬੱਚੇ ਨੂੰ ਦੇ ਦਿੱਤੇ। ਬੱਚਾ ਬਹੁਤ ਖੁਸ਼ ਹੋ ਗਿਆ ਅਤੇ ਜਦੋਂ ਬਰਫੀ ਦਾ ਟੁਕੜਾ ਚੁੱਕ ਕੇ ਖਾਣ ਲੱਗਾ ਤਾਂ ਝਟਪਟ ਉਸ ਔਰਤ ਨੇ ਟੁਕੜਾ ਬੱਚੇ ਦੇ ਹੱਥੋਂ ਲੈ ਕੇ ਪਲੇਟ ਵਿੱਚ ਰੱਖ ਕੇ ਪਲੇਟ ਮੈਨੂੰ ਵਾਪਸ ਕਰ ਦਿੱਤੀ। ਮੈਨੂੰ ਬੜਾ ਬੁਰਾ ਲੱਗਾ। ਬੰਦਾ ਸਮਝ ਗਿਆ ਅਤੇ ਹੱਥ ਜੋੜ ਕੇ ਬੋਲਿਆ, 'ਬੀਬੀ ਜੀ, ਆਪ ਬੁਰਾ ਮਤ ਮਾਨਨਾ ਮਿਠਾਈ ਵਾਪਸ ਕਰਨੇ ਕਾ, ਉਸ ਕਾ ਮਤਲਬ ਕੁਝ ਔਰ ਹੈ।' ਇੰਨੇ ਨੂੰ ਉਹ ਔਰਤ ਬੋਲ ਪਈ, 'ਬੀਬੀ ਜੀ, ਬੱਚਾ ਆਜ ਆਪਕੀ ਦੀ ਹੁਈ ਮਿਠਾਈ ਖਾਲੇਗਾ ਤੋਂ ਕੱਲ੍ਹ ਕੋ ਫਿਰ ਮਾਂਗੇਗਾ। ਕੱਲ੍ਹ ਕੋ ਕਿਸੀ ਔਰ ਸਾਹਿਬ ਕੇ ਘਰ ਕਾਮ ਕਰੇਂਗੇ ਤੋ ਯੇਹ ਫਿਰ ਮਿਠਾਈ ਮਾਂਗੇਗਾ। ਸਭ ਮੇਮ ਸਾਹਿਬ ਆਪ ਜੈਸੀ ਥੋੜ੍ਹੇ ਹੈਂ। ਕਈ-ਕਈ ਤੋਂ ਬੱਚੇ ਕੋ ਬਗੀਚੇ ਮੇਂ ਖੇਲਨੇ ਸੇ ਭੀ ਮਨ੍ਹਾਂ ਕਰਤੀ ਹੈਂ। ਇਸ ਲੀਏ ਹਮ ਇਸ ਕੀ ਆਦਤ ਬਿਗਾੜਨਾ ਨਹੀਂ ਚਾਹਤੇ ਪਰ ਆਪ ਕੁਸ਼ ਔਰ ਮਤ ਸੋਚਨਾ।'

ਅਜਿਹੇ ਇਕ ਹੋਰ ਮਜ਼ਦੂਰ ਜੋੜੇ ਦੀ ਗੱਲ ਮੈਂ ਤੁਹਾਨੂੰ ਸੁਣਾਉਣ ਲੱਗੀ ਹਾਂ। ਸਾਡੇ ਬਿਜਲੀ ਦਾ ਕੰਮ 2-3 ਦਿਨਾਂ 'ਚ ਪੂਰਾ ਹੋ ਗਿਆ ਅਤੇ ਉਹ ਮਜ਼ਦੂਰ ਜੋੜਾ ਵੀ ਕਿੱਧਰੇ ਹੋਰ ਕੰਮ 'ਤੇ ਜਾ ਲੱਗਾ, ਪਰ ਸੜਕ ਦਾ ਕੰਮ ਤਾਂ ਲੰਬਾ ਸੀ। ਉਥੇ ਕਈ ਮਜ਼ਦੂਰ ਔਰਤਾਂ ਤੇ ਆਦਮੀ ਕੰਮ ਕਰਨ ਲਈ ਰੋਜ਼ ਸਵੇਰੇ ਆ ਜਾਂਦੇ। ਫਿਰ ਸਾਡੇ ਘਰ ਦੇ ਲਾਅਨ ਵਿੱਚ ਫੁੱਲ ਬੂਟੇ ਲਾਉਣ ਦੀ ਵਾਰੀ ਆ ਗਈ। ਇਕ ਦਿਨ ਮੈਂ ਦੇਖਿਆ ਕਿ ਇਕ ਅੱਛਾ ਤਕੜਾ ਸੋਹਣੇ ਨਕਸ਼ਾਂ ਵਾਲਾ ਇਕ ਆਦਮੀ ਸਵੇਰੇ ਹੀ ਸਾਡੀ ਲਾਅਨ 'ਚ ਖੁਦਾਈ ਕਰਨ ਲੱਗ ਪਿਆ। ਥੋੜ੍ਹੀ ਦੇਰ ਬਾਅਦ ਉਸੇ ਦੀ ਉਮਰ ਦੀ ਇਕ ਜਵਾਨ ਸਾਂਵਲੇ ਰੰਗ ਦੀ ਔਰਤ ਵੀ ਆ ਗਈ। ਗਰਮੀ ਦਾ ਮੌਸਮ ਸੀ। ਔਰਤ ਨੇ ਆਉਂਦਿਆਂ ਹੀ ਸਾਫ ਸੁਥਰੇ ਕੱਪੜੇ ਨਾਲ ਆਦਮੀ ਦਾ ਪਿੰਡਾ ਪੂੰਝਿਆ ਤੇ ਘਰੋਂ ਲਿਆਂਦਾ ਹੋਇਆ ਸ਼ਰਬਤ ਜਾਂ ਲੱਸੀ ਉਸ ਨੂੰ ਪੀਣ ਨੂੰ ਦਿੱਤਾ। ਫਿਰ ਜਿੰਨੀ ਦੇਰ ਉਹ ਪੀਂਦਾ ਰਿਹਾ, ਉਹ ਆਪਣੀ ਸਾੜੀ ਦੇ ਪੱਲੇ ਨਾਲ ਉਸ ਨੂੰ ਹਵਾ ਝੱਲਦੀ ਰਹੀ। ਥੋੜ੍ਹੀ ਦੇਰ ਬਾਅਦ ਉਹ ਤਰੋਤਾਜ਼ਾ ਹੋ ਕੇ ਕੰਮ 'ਤੇ ਲੱਗ ਗਿਆ। ਜਿਹੜੀ ਮਿੱਟੀ ਉਹ ਪੁੱਟਦਾ, ਉਹ ਬੀਬੀ ਆਪਣੇ ਹੱਥਾਂ ਨਾਲ ਉਸ ਨੂੰ ਹਟਾ ਕੇ ਪਾਸੇ ਕਰਦੀ ਰਹੀ। ਇਹ ਸਭ ਕੁਝ ਦੇਖ ਕੇ ਮੈਨੂੰ ਬੜਾ ਚੰਗਾ ਲੱਗਾ। ਦੁਪਹਿਰ ਹੋਈ ਤਾਂ ਉਸ ਨੇ ਇਕ ਵੱਡੇ ਸਾਰੇ ਡੋਲੂ ਵਿੱਚ ਪਾਣੀ ਲਿਆ ਕੇ ਆਪਣੇ ਮਰਦ ਦਾ ਹੱਥ ਮੂੰਹ ਧੁਆਇਆ ਅਤੇ ਉਸੇ ਤਰ੍ਹਾਂ ਕੱਪੜੇ ਨਾਲ ਉਸ ਨੂੰ ਪੂੰਝਿਆ ਤੇ ਫਿਰ ਰੋਟੀ ਖਾਣ ਦੇ ਸਮੇਂ ਦੌਰਾਨ ਉਹ ਬੁਰਕੀ-ਬੁਰਕੀ ਕਰਕੇ ਉਸ ਨੂੰ ਰੋਟੀ ਖੁਆਉਂਦੀ ਰਹੀ ਤੇ ਆਪ ਵੀ ਖਾਂਦੀ ਰਹੀ। ਇਸ ਤਰ੍ਹਾਂ ਸ਼ਾਮ ਤੱਕ ਉਸ ਦੇ ਆਹਰੇ ਲੱਗੀ ਰਹੀ ਅਤੇ ਉਸ ਦੇ ਅੱਗੇ ਪਿੱਛੇ ਫਿਰਦੀ ਰਹੀ। ਅਗਲੇ ਦਿਨ ਉਹ ਫਿਰ ਉਸੇ ਤਰ੍ਹਾਂ ਕੰਮ ਕਰਦੇ ਰਹੇ। ਮੈਨੂੰ ਉਨ੍ਹਾਂ ਨੂੰ ਦੇਖ ਕੇ ਬੜੀ ਹੈਰਾਨੀ ਤੇ ਖੁਸ਼ੀ ਹੋ ਰਹੀ ਸੀ। ਮੈਂ ਸੋਚ ਰਹੀ ਸੀ ਕਿ ਇਸ ਔਰਤ ਨੂੰ ਕੀ ਘਰੇ ਕੋਈ ਕੰਮ ਨਹੀਂ ਹੈ? ਬਾਕੀ ਔਰਤਾਂ ਵਾਂਗੂੰ ਇਹ ਮਜ਼ਦੂਰੀ ਵੀ ਨਹੀਂ ਸੀ ਕਰਦੀ। ਆਖਰ ਰੋਟੀ ਵੇਲੇ ਮੈਂ ਉਨ੍ਹਾਂ ਦੇ ਇਸ ਤਰ੍ਹਾਂ ਦੇ ਅਜੀਬੋ ਗਰੀਬ ਵਿਹਾਰ ਬਾਬਤ ਪੁੱਛ ਲਿਆ। ਉਸ ਔਰਤ ਨੇ ਮੈਨੂੰ ਜੋ ਕੁਝ ਵੀ ਦੱਸਿਆ, ਮੈਂ ਸੁਣ ਕੇ ਦੰਗ ਰਹਿ ਗਈ। ਉਸ ਨੇ ਦੱਸਿਆ ਕਿ ਮੇਰਾ ਪਤੀ ਰਾਮ ਸੱਚਮੁੱਚ ਬੜਾ ਵਧੀਆ ਇਨਸਾਨ ਹੈ। ਉਸ ਦਾ ਆਪਣਾ ਕੋਈ ਨਹੀਂ। ਬਚਪਨ ਵਿੱਚ ਉਸ ਦੇ ਮਾਂ ਬਾਪ ਮਰ ਗਏ ਸਨ। ਚਾਚਾ-ਚਾਚੀ ਦੇ ਘਰ ਪਲਿਆ ਪਰ ਉਨ੍ਹਾਂ ਨੇ ਉਸ ਨੂੰ ਬਹੁਤ ਤੰਗ ਰੱਖਿਆ। ਮਾਰਦੇ ਕੁੱਟਦੇ ਸਨ, ਖਾਣ ਨੂੰ ਵੀ ਪੂਰਾ ਨਹੀਂ ਸਨ ਦਿੰਦੇ। ਕਦੇ ਕਿਸੇ ਸਕੂਲ ਵੀ ਨਹੀਂ ਭੇਜਿਆ। ਅਸੀਂ ਇਨ੍ਹਾਂ ਦੇ ਗੁਆਂਢ 'ਚ ਰਹਿੰਦੇ ਸਾਂ। ਇਸ ਦੀ ਇਹ ਹਾਲਤ ਦੇਖ ਕੇ ਮੈਨੂੰ ਇਸ 'ਤੇ ਬਹੁਤ ਤਰਸ ਆਉਂਦਾ ਸੀ। ਸ਼ਾਇਦ ਇਸ ਤਰਸ ਦੀ ਭਾਵਨਾ ਨੇ ਹੀ ਬਾਅਦ 'ਚ ਪਿਆਰ ਦਾ ਰੂਪ ਲੈ ਲਿਆ। ਮੈਂ ਮਨੋਂ ਫੈਸਲਾ ਕਰ ਲਿਆ ਕਿ ਮੈਂ ਇਸ ਆਦਮੀ ਨਾਲ ਸ਼ਾਦੀ ਕਰਕੇ ਇਸ ਨੂੰ ਉਹ ਸਾਰਾ ਪਿਆਰ ਦੇਵਾਂਗੀ ਜੋ ਇਸ ਨੂੰ ਕਿਸੇ ਕੋਲੋਂ ਨਹੀਂ ਮਿਲਿਆ। ਮੇਰੇ ਮਾਂ ਬਾਪ ਇਸ ਵਿਆਹ ਲਈ ਰਾਜ਼ੀ ਨਹੀਂ ਸਨ, ਕਿਉਂਕਿ ਇਕ ਇਹ ਬਹੁਤ ਗਰੀਬ ਸੀ ਅਤੇ ਦੂਜਾ ਇਸ ਦੇ ਚਾਚੇ ਦਾ ਟੱਬਰ ਬਹੁਤ ਭੈੜਾ ਸੀ। ਮੈਂ ਆਪਣੇ ਫੈਸਲੇ 'ਤੇ ਅੜੀ ਰਹੀ ਅਤੇ ਸਾਡਾ ਵਿਆਹ ਹੋ ਗਿਆ। ਮੈਂ ਇਸ ਨੂੰ ਕਦੇ ਇਕੱਲਾ ਨਹੀਂ ਰਹਿਣ ਦਿੰਦੀ ਤੇ ਇਸ ਨੂੰ ਹਰ ਤਰ੍ਹਾਂ ਖੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਹਾਂ ਅਤੇ ਇਸ ਨੇ ਨੀ ਕਸਮ ਖਾਧੀ ਹੈ ਕਿ ਇਹ ਕਦੇ ਮੇਰੇ ਕੋਲੋਂ ਮਜ਼ਦੂਰੀ ਨਹੀਂ ਕਰਵਾਏਗਾ। ਮੇਰੀਆਂ ਅੱਖਾਂ ਵਿੱਚ ਉਨ੍ਹਾਂ ਦੀ ਪ੍ਰੇਮ ਕਥਾ ਸੁਣ ਕੇ ਪਾਣੀ ਆ ਗਿਆ ਅਤੇ ਮੈਂ ਸੋਚਣ ਲੱਗ ਪਈ ਕਿ ਭਗਵਾਨ ਸ੍ਰੀਰਾਮ ਅਤੇ ਮਾਤਾ ਸੀਤਾ ਵਰਗੇ ਅਵਤਾਰ ਤਾਂ ਪਤਾ ਨਹੀਂ ਕਿਹੜੇ ਯੁੱਗ ਵਿੱਚ ਪੈਦਾ ਹੋਏ ਸਨ, ਪਰ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਅੱਜ ਦੇ ਯੁੱਗ 'ਚ ਇਸ ਰਾਮ ਤੇ ਸੀਤਾ ਵਰਗੇ ਲੋਕ ਵੀ ਤੁਹਾਨੂੰ ਕਿਤੇ-ਕਿਤੇ ਮਿਲ ਹੀ ਜਾਂਦੇ ਹਨ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

Sant Rampal Ji Maharaj Spiritual Discourse in Brampton on Sunday, September 1, 2019 from 10 am to 12pm




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਸਾਨੂੰ ਸੱਚੇ ਅਤੇ ਭਰੋਸੇਯੋਗ ਆਗੂਆਂ ਦੀ ਲੋੜ ਹੈ, ਅਪਰਾਧੀਆਂ ਦੀ ਨਹੀਂ

-ਪੂਨਮ ਆਈ ਕੌਸ਼ਿਸ਼

ਕਿਸੇ ਵੀ ਦੇਸ਼ ਨੂੰ ਗੈਰ ਇਖਲਾਕੀ ਅਤੇ ਕਮੀਨੀ ਸੋਚ ਵਾਲੇ ਆਗੂਆਂ ਦੀ ਬਹੁਤ ਵੱਡੀ ਕੀਮਤ ਅਦਾ ਕਰਨੀ ਪੈਂਦੀ ਹੈ। ਇਹ ਕਾਰਨਾਮਾ ਦੇਖਣ ਨੂੰ ਉਦੋਂ ਮਿ-ਲਿਆ, ਜਦੋਂ ਉੱਤਰ ਪ੍ਰਦੇਸ਼ ਦੇ ਉਨਾਵ ਦੇ ਭਾਜਪਾ ਵਿਧਾਇਕ ਨੇ ਉਸ ਲੜਕੀ ਦੀ ਹੱਤਿਆ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਉਸ ਨੇ 2017 ਵਿੱਚ ਬਲਾਤਕਾਰ ਕੀਤਾ ਸੀ। ਮੀਡੀਆ ਵੱਲੋਂ ਰੌਲਾ ਪਾਉਣ ਪਿੱਛੋਂ ਪਾਰਟੀ ਨੇ ਉਸ ਨੇਤਾ ਨੂੰ ਸਸਪੈਂਡ ਕਰ ਦਿੱਤਾ, ਲੜਕੀ ਦੇ ਵਾਰਸਾਂ ਨੂੰ 25 ਲੱਖ ਦਾ ਮੁਆਵਜ਼ਾ ਦਿੱਤਾ, ਪਰ ਇਸ ਕੇਸ ਤੋਂ ਅਨੇਕਾਂ ਸਵਾਲ ਉਠਦੇ ਹਨ। ਕੀ ਈਮਾਨਦਾਰ ਅਤੇ ਚੰਗੇ ਆਗੂਆਂ ਨੂੰ ਠੱਗਾਂ ਅਤੇ ਗੁੰਡਿਆਂ ਖਾਤਰ ਬਲੀ ਚੜ੍ਹਾਇਆ ਜਾ ਰਿਹਾ ਹੈ? ਕਿਉਂ ਗਿਣਤੀ ਦੀ ਖੇਡ 'ਚ ਜਿੱਤੇ ਨੂੰ ਸਰਬ ਉਚ ਮਹੱਤਵ ਦਿੱਤਾ ਜਾ ਰਿਹਾ ਹੈ? ਕੀ ਅਪਰਾਧੀਆਂ ਤੋਂ ਸਿਆਸੀ ਆਗੂ ਬਣੇ ਲੋਕ ਆਪਣੀ ਬੁਲੇਟ ਪਰੂਫ ਜੈਕੇਟ 'ਤੇ ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਦਾ ਤਮਗਾ ਲਾ ਕੇ ਆਪਣਾ ਗਲਬਾ ਕਾਇਮ ਕਰਦੇ ਹਨ? ਕੀ ਵਿਚਾਰਧਾਰਾ, ਨੈਤਿਕਤਾ ਤੇ ਨੈਤਿਕ ਕਦਰਾਂ ਕੀਮਤਾਂ ਨੂੰ ਛੱਡ ਦਿੱਤਾ ਗਿਆ ਹੈ? ਸ਼ਾਇਦ ਏਦਾਂ ਹੀ ਹੈ, ਕਿਉਂਕਿ ਅੱਜ ਸਭ ਪਾਰਟੀਆਂ ਅਪਰਾਧੀਆਂ ਨੂੰ ਆਪਣਾ ਉਮੀਦਵਾਰ ਬਣਾ ਰਹੀਆਂ ਹਨ, ਜਿਸ ਕਾਰਨ ਅਪਰਾਧੀ, ਹਤਿਆਰੇ ਸੱਤਾ ਦੇ ਗਲਿਆਰਿਆਂ ਤੱਕ ਪਹੁੰਚ ਰਹੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਲੋਕ ਸਭਾ ਦੇ 545 ਮੈਂਬਰਾਂ ਵਿੱਚੋਂ 233, ਭਾਵ 44 ਫੀਸਦੀ ਮੈਂਬਰਾਂ 'ਤੇ ਹੱਤਿਆ, ਅਗਵਾ, ਔਰਤਾਂ ਵਿਰੁੱਧ ਜੁਰਮ ਆਦਿ ਦੇ ਅਪਰਾਧਕ ਮਾਮਲੇ ਹਨ ਅਤੇ 2009 ਦੇ ਮੁਕਾਬਲੇ ਇਨ੍ਹਾਂ ਮੈਂਬਰਾਂ ਦੀ ਗਿਣਤੀ ਵਿੱਚ 109 ਫੀਸਦੀ ਦਾ ਵਾਧਾ ਹੋਇਆ। ਇੱਕ ਕਾਂਗਰਸੀ ਆਗੂ ਨੇ ਆਪਣੇ 'ਤੇ 204 ਮਾਮਲਿਆਂ ਦਾ ਐਲਾਨ ਕੀਤਾ ਹੈ। ਭਾਜਪਾ ਦੇ 303 ਵਿੱਚੋਂ 116 ਪਾਰਲੀਮੈਂਟ ਮੈਂਬਰ, ਭਾਵ 39 ਫੀਸਦੀ, ਕਾਂਗਰਸ ਦੇ 51 ਵਿੱਚੋਂ 29 ਭਾਵ 81 ਫੀਸਦੀ ਅਤੇ ਤ੍ਰਿਣਮੂਲ ਦੇ 22 ਵਿੱਚੋਂ ਨੌਂ, ਭਾਵ 41 ਫੀਸਦੀ ਪਾਰਲੀਮੈਂਟ ਮੈਂਬਰਾਂ ਵਿਰੁੱਧ ਅਪਰਾਧਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ 29 ਫੀਸਦੀ ਮਾਮਲੇ ਗੰਭੀਰ ਹਨ। 10 ਪਾਰਲੀਮੈਂਟ ਮੈਂਬਰਾਂ 'ਤੇ ਦੋਸ਼ ਸਿੱਧ ਹੋ ਚੁੱਕੇ ਹਨ। 11 ਪਾਰਲੀਮੈਂਟ ਮੈਂਬਰਾਂ ਉਤੇ ਕਤਲ, 20 ਪਾਰਲੀਮੈਂਟ ਮੈਂਬਰਾਂ ਉੱਤੇ ਇਰਾਦਾ ਕਤਲ ਅਤੇ 19 ਪਾਰਲੀਮੈਂਟ ਮੈਂਬਰਾਂ ਉਤੇ ਔਰਤਾਂ ਵਿਰੁੱਧ ਜੁਰਮਾਂ ਦੇ ਕੇਸ ਹਨ। 2014 ਦੇ 185 ਪਾਰਲੀਮੈਂਟ ਮੈਂਬਰਾਂ ਦੇ ਮੁਕਾਬਲੇ ਇਹ ਗਿਣਤੀ ਕਿਤੇ ਵੱਧ ਹੈ। ਰਾਜਾਂ ਵਿੱਚ 20 ਫੀਸਦੀ ਵਿਧਾਇਕ ਅਪਰਾਧਕ ਪਿਛੋਕੜ ਵਾਲੇ ਹਨ। ਉਤਰ ਪ੍ਰਦੇਸ਼ ਦੇ 403 ਵਿਧਾਇਕਾਂ 'ਚੋਂ 143, ਭਾਵ 36 ਫੀਸਦੀ, ਬਿਹਾਰ ਦੇ 243 ਵਿੱਚੋਂ 142 ਭਾਵ 58 ਫੀਸਦੀ ਦੇ ਵਿਰੁੱਧ ਅਪਰਾਧਕ ਮਾਮਲੇ ਹਨ। ਅਜਿਹੇ ਵਿਧਾਇਕਾਂ ਦੇ ਹੋਣ 'ਤੇ ਅਸੀਂ ਇਹ ਆਸ ਕਿਵੇਂ ਕਰ ਸਕਦੇ ਹਾਂ ਕਿ ਦੇਸ਼ ਅਪਰਾਧ ਮੁਕਤ ਹੋ ਜਾਵੇਗਾ।

ਸੱਤਾ ਵਿੱਚ ਨੰਬਰਾਂ ਦੀ ਖੇਡ ਦਾ ਮਹੱਤਵ ਵਧਣ ਕਾਰਨ ਪਾਰਟੀਆਂ ਮਾਫੀਆ ਡਾਨ ਨੂੰ ਟਿਕਟਾਂ ਦਿੰਦੀਆਂ ਹਨ, ਜੋ ਆਪਣੇ ਬਾਹੂਬਲ ਅਤੇ ਨਾਜਾਇਜ਼ ਪੈਸੇ ਦੇ ਜ਼ੋਰ ਉੱਤੇ ਵੋਟਾਂ ਲੈ ਕੇ ਜਿੱਤਦੇ ਹਨ ਤੇ ਇਸ ਖੇਡ ਵਿੱਚ ਲੈਣ-ਦੇਣ ਚੱਲਦਾ ਹੈ। ਪਾਰਟੀਆਂ ਨੂੰ ਚੋਣ ਲੜਨ ਲਈ ਪੈਸਾ ਮਿਲਦਾ ਹੈ ਅਤੇ ਅਪਰਾਧੀਆਂ ਨੂੰ ਕਾਨੂੰਨ ਤੋਂ ਰਖਵਾਲੀ। ਮਾਫੀਆ ਡਾਨ ਨੇਤਾ ਬਣਨ ਲਈ ਪੈਸੇ ਕਿਉਂ ਲਾਉਂਦੇ ਹਨ? ਏਦਾਂ ਕਰ ਕੇ ਉਹ ਸਿਆਸੀ ਸੱਤਾ ਦੀ ਵਰਤੋਂ ਨਾਲ ਆਪਣੀ ਵਸੂਲੀ ਜਾਰੀ ਰੱਖਦੇ ਹਨ, ਪ੍ਰਭਾਵਸ਼ਾਲੀ ਬਣਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਉਨ੍ਹਾਂ ਵਿਰੁੱਧ ਮਾਮਲੇ ਹਟਾ ਦਿੱਤੇ ਜਾਣ। ਸਿਆਸੀ ਨਿਵੇਸ਼ ਵਿੱਚ ਲਾਭ ਮਿਲਦਾ ਹੈ ਕਿ ਅਪਰਾਧੀ ਹੋਰ ਥਾਵਾਂ 'ਤੇ ਨਿਵੇਸ਼ ਕਰਨ ਬਾਰੇ ਸੋਚਦਾ ਵੀ ਨਹੀਂ।

ਸਿਆਸਤ ਦੇ ਅਪਰਾਧੀਕਰਨ ਤੋਂ ਲੈ ਕੇ ਅਪਰਾਧ ਦੇ ਰਾਜਨੀਤੀਕਰਨ ਤੱਕ ਭਾਰਤ ਨੇ ਇੱਕ ਗੇੜ ਪੂਰਾ ਕਰ ਲਿਆ ਹੈ। ਕੱਲ੍ਹ ਦੇ ਮਾਫੀਆ ਡਾਨ ਅੱਜ ਵਿਧਾਇਕ ਬਣ ਗਏ ਹਨ। ਉਹ ਆਪਣੇ ਆਪ 'ਚ ਕਾਨੂੰਨ ਅਤੇ ਸਰਬ ਸ਼ਕਤੀਮਾਨ ਹਨ। ਅੱਜ ਹਾਲਾਤ ਇਹ ਬਣ ਗਈ ਹੈ ਕਿ ਸਾਡੇ ਲੋਕ ਸੇਵਕ ਜਨਤਾ, ਲੋਕਤੰਤਰੀ ਕਦਰਾਂ ਕੀਮਤਾਂ ਅਤੇ ਸੁਸ਼ਾਸਨ ਦੀ ਕੀਮਤ ਉੱਤੇ ਆਪਣੇ ਅੰਡਰਵਰਲਡ ਆਕਾ ਦੀ ਧੁਨ ਉਤੇ ਨੱਚਦੇ ਹਨ। ਮਾਫੀਆ ਡਾਨ ਜੇਲ੍ਹ ਵਿੱਚੋਂ ਚੁਣੇ ਜਾਂਦੇ ਹਨ ਅਤੇ ਅਜਿਹੇ ਕੁਝ ਪਾਰਲੀਮੈਂਟ ਮੈਂਬਰ ਜੇਲ੍ਹ 'ਚ ਆਪਣਾ ਦਰਬਾਰ ਲਾਉਂਦੇ ਹਨ, ਜਿੱਥੇ ਉਨ੍ਹਾਂ ਨੂੰ ਘਰ ਵਾਂਗ ਸਹੂਲਤਾਂ ਮਿਲਦੀਆਂ ਹਨ। ਕੁਝ ਆਗੂ ਪੇਸ਼ਗੀ ਜ਼ਮਾਨਤ ਲੈ ਲੈਂਦੇ ਹਨ ਜਾਂ ਕੁਝ ਭੱਜ ਜਾਂਦੇ ਹਨ। ਇਨ੍ਹਾਂ 'ਚ ਸਾਬਕਾ ਕੇਂਦਰੀ ਮੰਤਰੀ ਸ਼ਿਬੂ ਸੋਰੇਨ ਅਤੇ ਜਯ ਨਿਸ਼ਾਦ ਦੇ ਮਾਮਲੇ ਵਰਣਨ ਯੋਗ ਹਨ। ਦੂਜੇ ਪਾਸੇ ਮਨਮੋਹਨ ਸਿੰਘ ਵਰਗੇ ਈਮਾਨਦਾਰ ਅਤੇ ਸਾਫ-ਸੁਥਰੇ ਅਕਸ ਵਾਲੇ ਵਿਅਕਤੀ ਜਦੋਂ ਚੋਣ 'ਚ ਖੜੋਂਦੇ ਹਨ ਤਾਂ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਜਾਂਦੀ ਹੈ।

ਸਵਾਲ ਉਠਦਾ ਹੈ ਕਿ ਕੀ ਵੋਟਰ ਇਮਾਨਦਾਰ ਸਿਆਸੀ ਆਗੂ ਅਤੇ ਸਾਫ ਸੁਥਰੀ ਸਰਕਾਰ ਚਾਹੁੰਦੇ ਹਨ? ਇੱਕ ਈਮਾਨਦਾਰ ਵਿਅਕਤੀ ਮੌਜੂਦਾ ਪ੍ਰਬੰਧ ਨਾਲ ਸੰਘਰਸ਼ ਕਰਨ ਅਤੇ ਉਸ ਵਿੱਚ ਸੁਧਾਰ ਕਰਨ ਦਾ ਵਾਅਦਾ ਕਰ ਸਕਦਾ ਹੈ, ਕਿਉਂਕਿ ਵੋਟਰ ਬਾਹੂਬਲੀਆਂ ਨੂੰ ਪਸੰਦ ਕਰਦੇ ਹਨ, ਜੋ ਉਨ੍ਹਾਂ ਨੂੰ ਸਰਪ੍ਰਸਤੀ, ਰਾਸ਼ਨ ਤੇ ਸਰਕਾਰੀ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਨ ਤੇ ਇਸ ਦੇ ਬਦਲੇ ਉਨ੍ਹਾਂ ਨੂੰ ਵੋਟਾਂ ਮਿਲਦੀਆਂ ਹਨ। ਅੱਜ ਈਮਾਨਦਾਰ ਉਮੀਦਵਾਰਾਂ ਦੇ ਮੁਕਾਬਲੇ ਅਪਰਾਧਕ ਪਿਛੋਕੜ ਵਾਲੇ ਵੱਧ ਆਗੂ ਚੋਣਾਂ ਵਿੱਚ ਜਿੱਤਦੇ ਹਨ। ਤਾਜ਼ਾ ਰਿਪੋਰਟ ਅਨੁਸਾਰ 45.5 ਫੀਸਦੀ ਅਪਰਾਧੀ ਪਿਛੋਕੜ ਵਾਲੇ ਆਗੂਆਂ ਦੀ ਜਿੱਤ ਹੋਈ ਅਤੇ ਸਾਫ ਸੁਥਰੇ ਅਕਸ ਵਾਲੇ 24.7 ਫੀਸਦੀ ਹੀ ਜਿੱਤ ਸਕੇ। ਭਾਰਤ ਦੇ ਮੱਧ ਵਰਗ ਨੂੰ ਅਪਰਾਧੀਆਂ ਨੂੰ ਚੁਣਨ ਤੋਂ ਪ੍ਰਹੇਜ਼ ਨਹੀਂ, ਬਸ਼ਰਤੇ ਕਿ ਉਹ ਉਨ੍ਹਾਂ ਦੇ ਰਖਵਾਲੇ ਬਣਨ ਤੇ ਉਨ੍ਹਾਂ ਦੇ ਕੰਮ ਕਰਨ।

ਜਦੋਂ ਇੱਕ ਸਾਬਕਾ ਮੁੱਖ ਮੰਤਰੀ ਕੋਲੋਂ ਪੁੱਛਿਆ ਗਿਆ ਕਿ ਉਨ੍ਹਾਂ ਦੇ ਮੰਤਰੀ ਮੰਡਲ ਵਿੱਚ 22 ਮੰਤਰੀ ਅਜਿਹੇ ਹਨ, ਜਿਨ੍ਹਾਂ ਦਾ ਅਪਰਾਧਕ ਪਿਛੋਕੜ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਬੀਤੇ ਦੀ ਚਿੰਤਾ ਨਹੀਂ ਕਰਦਾ। ਸਰਕਾਰ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਹ ਜੁਰਮ ਨਹੀਂ ਕਰਦੇ ਅਤੇ ਜੁਰਮ ਵਾਲੀਆਂ ਸਰਗਰਮੀਆਂ 'ਤੇ ਰੋਕ ਲਾਉਣ ਵਿੱਚ ਮਦਦ ਕਰਦੇ ਹਨ। ਤੁਸੀਂ ਲੋਕਾਂ ਕੋਲੋਂ ਪੁੱਛੋ ਕਿ ਉਨ੍ਹਾਂ ਨੇ ਅਜਿਹੇ ਆਗੂਆਂ ਨੂੰ ਕਿਉਂ ਚੁਣਿਆ? ਅੱਜ ਦੇਸ਼ ਵਿੱਚ ਸਿਆਸਤ ਵਿੱਚ ਗਿਣੇ-ਚੁਣੇ ਆਗੂ ਹਨ। ਕੁਝ ਸ਼ਾਸਕ ਸਿਰਫ ਸਿਆਸੀ ਲਾਭ ਅਤੇ ਵੋਟ ਬੈਂਕ ਦੀ ਸਿਆਸਤ ਬਾਰੇ ਸੋਚਦੇ ਹਨ। ਉਹ ਨਿੱਤ ਦਿਨ ਦਲ ਬਦਲੀ ਕਰਦੇ ਰਹਿੰਦੇ ਹਨ ਅਤੇ ਇਸ ਦਾ ਕਾਰਨ ਉਨ੍ਹਾਂ ਦੇ ਨਿੱਜੀ ਹਿੱਤ ਹਨ ਅਤੇ ਉਨ੍ਹਾਂ ਦੀ ਪੈਸਾ ਬਟੋਰਨ ਦੀ ਇੱਛਾ ਹੈ। ਤੁਸੀਂ ਸਿਆਸਤ ਵਿੱਚ ਅਪਰਾਧੀਆਂ ਅਤੇ ਸਿਆਸੀ ਆਗੂਆਂ ਦੀ ਗੰਢ ਤੁੱਪ ਨੂੰ ਸਥਾਈ ਦੌਰ ਕਹਿ ਸਕਦੇ ਹੋ, ਪਰ ਸਾਡੀ ਲੋਕਤੰਤਰੀ ਵਿਵਸਥਾ 'ਤੇ ਅਪਰਾਧੀਆਂ ਨੇ ਕਬਜ਼ਾ ਕਰ ਲਿਆ ਹੈ। ਲੋਕ ਸਭਾ ਦੇ ਸਾਬਕਾ ਸਪੀਕਰ ਸੋਮਨਾਥ ਚੈਟਰਜੀ ਦੇ ਸ਼ਬਦ ਸਨ, "ਤੁਹਾਨੂੰ ਜਨਤਾ ਦਾ ਇੱਕ ਵੀ ਪੈਸਾ ਨਹੀਂ ਮਿਲਣਾ ਚਾਹੀਦਾ। ਮੈਨੂੰ ਯਕੀਨ ਹੈ ਕਿ ਤੁਸੀਂ ਚੋਣਾਂ ਵਿੱਚ ਹਾਰ ਜਾਓਗੇ।"

ਕੁੱਲ ਮਿਲਾ ਕੇ ਅਸੀਂ ਈਮਾਨਦਾਰੀ ਅਤੇ ਨੈਤਿਕਤਾ ਨੂੰ ਛੱਡ ਦਿੱਤਾ ਹੈ। ਅੱਜ ਸਿਆਸਤ 'ਚ ਜੁਰਮ ਦਾ ਬੋਲਬਾਲਾ ਹੈ, ਜੋ ਜਿੱਤ ਯਕੀਨੀ ਬਣਾਉਂਦਾ ਹੈ, ਭਾਵੇਂ ਉਹ ਛੋਟਾ ਮੋਟਾ ਠੱਗ ਹੋਵੇ, 10 ਨੰਬਰੀਆ ਹੋਵੇ ਜਾਂ ਮਾਫੀਆ ਡਾਨ। ਅੱਜ ਮਹੱਤਵ ਪੂਰਨ ਇਹ ਹੈ ਕਿ ਅਪਰਾਧੀ, ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਇਸ ਦੇ ਨਾਲ ਹਨ। ਇਹ ਸਾਰੀਆਂ ਪਾਰਟੀਆਂ 'ਚ ਹਨ। ਗਿਣਤੀ ਦਾ ਫਰਕ ਹੋ ਸਕਦਾ ਹੈ। ਉਹ ਏਦਾਂ ਹੈ, ਜਿਵੇਂ ਇੱਕ ਵਿਅਕਤੀ ਨੇ ਅਮਰੀਕੀ ਅਧਿਕਾਰੀ ਤੋਂ ਪੁੱਛਿਆ ਕਿ ਅਮਰੀਕਾ ਵਿਦੇਸ਼ ਵਿੱਚ ਜਿਸ ਵਿਅਕਤੀ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ, ਉਹ ਤਾਂ ਕੁੱਤੀ ਦਾ ਕਤੂਰਾ ਹੈ। ਇਸ 'ਤੇ ਉਸ ਅਧਿਕਾਰੀ ਦਾ ਜੁਆਬ ਆਇਆ ਕਿ ਉਹ ਸਾਡੀ ਕੁੱਤੀ ਦਾ ਹੀ ਕਤੂਰਾ ਹੈ।

ਅਪਰਾਧੀਆਂ ਤੇ ਪਾਰਟੀਆਂ ਵਿਚਾਲੇ ਗੰਢ ਤੁੱਪ ਆਪਸੀ ਲਾਭ ਲਈ ਹੁੰਦੀ ਹੈ। ਅੱਜ ਅਜਿਹੇ ਵਾਤਾਵਰਣ 'ਚ, ਜਿੱਥੇ ਸਾਡੀ ਪਾਰਲੀਮੈਂਟੀ ਪ੍ਰਣਾਲੀ ਨੇ ਚੰਗੇ ਆਗੂਆਂ ਨੂੰ ਦਫਨਾ ਦਿੱਤਾ ਹੈ ਅਤੇ ਇਸ ਵਿਵਸਥਾ 'ਤੇ ਅਪਰਾਧੀਆਂ ਤੋਂ ਸਿਆਸੀ ਆਗੂ ਬਣੇ ਵਿਅਕਤੀਆਂ ਨੇ ਕਬਜ਼ਾ ਕਰ ਲਿਆ ਹੈ ਅਤੇ ਜਿੱਥੇ ਮਾਫੀਆ ਡਾਨ ਦਾ ਬੋਲਬਾਲਾ ਹੋਵੇ, ਉਥੇ ਆਮ ਆਦਮੀ ਦਾ ਦੁਵਿਧਾ ਵਿੱਚ ਹੋਣਾ ਸੁਭਾਵਕ ਹੈ। ਸਭ ਤੋਂ ਦੁਖਦਾਈ ਤੱਥ ਇਹ ਹੈ ਕਿ ਇਸ ਨਾਲ ਕਿਸੇ ਨੂੰ ਫਰਕ ਨਹੀਂ ਪੈਂਦਾ। ਹਰੇਕ ਚੋਣ ਤੋਂ ਬਾਅਦ ਅਪਰਾਧੀ ਆਗੂਆਂ ਦੀ ਗਿਣਤੀ ਵਧਦੀ ਜਾਂਦੀ ਹੈ। ਤੁਸੀਂ ਇਸ ਨੂੰ ਲੋਕਤੰਤਰ ਦੀ ਕੀਮਤ ਕਹਿ ਸਕਦੇ ਹੋ। ਸਾਡੇ ਕੋਲ ਕੋਈ ਬਦਲ ਵੀ ਨਹੀਂ। ਜੇ ਇੱਕ ਪਾਰਟੀ ਦਾ ਉਮੀਦਵਾਰ ਕਾਤਲ ਹੈ ਤਾਂ ਦੂਜੀ ਦਾ ਬਲਾਤਕਾਰੀ। ਇਸ ਲਈ ਸਾਨੂੰ ਗੁੰਡੇ ਅਤੇ ਲੁਟੇਰੇ ਉਮੀਦਵਾਰਾਂ 'ਚੋਂ ਕਿਸੇ ਇੱਕ ਨੂੰ ਚੁਣਨਾ ਚਾਹੀਦਾ ਹੈ।

ਭਵਿੱਖ ਦਾ ਕੀ ਹੋਵੇਗਾ? ਕੀ ਅਸੀਂ ਅਪਰਾਧੀਆਂ ਨੂੰ ਮਹੱਤਵ ਦਿੰਦੇ ਰਹਾਂਗੇ? ਕੀ ਅਪਰਾਧੀਆਂ ਨੂੰ ਨੇਤਾ ਬਣਾਉਂਦੇ ਰਹਾਂਗੇ? ਕੀ ਇਹ ਲੋਕਤੰਤਰ ਲਈ ਚੰਗਾ ਹੈ ਕਿ ਵੋਟਰਾਂ ਦੀ ਪ੍ਰਤੀਨਿਧਤਾ ਬਦਮਾਸ਼ ਕਰਨ? ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਿਅਕਤੀ ਨੂੰ ਅਯੋਗ ਐਲਾਨਣ ਲਈ ਉਸ ਉਤੇ ਕਤਲ ਦੇ ਕਿੰਨੇ ਦੋਸ਼ ਹੋਣੇ ਚਾਹੀਦੇ ਹਨ? ਕੀ ਇਮਾਨਦਾਰ ਤੇ ਸਮਰੱਥ ਆਗੂ ਨਹੀਂ ਰਹੇ? ਸਾਨੂੰ ਵਿਵਸਥਾ ਨਾਲ ਖਿਲਵਾੜ ਕਰਨ ਦੀ ਥਾਂ ਉਸ ਨੂੰ ਸੁਧਾਰਨ ਵਾਲੇ ਆਗੂ ਕਿਵੇਂ ਮਿਲਣਗੇ, ਜਦੋਂ ਇਨ੍ਹਾਂ ਲੋਕਾਂ ਤੋਂ ਅਗਵਾਈ ਦੀ ਆਸ ਕੀਤੀ ਜਾਂਦੀ ਹੈ ਤੇ ਉਹ ਫੁੱਟ ਪਾਉਣ ਵਾਲੇ ਬਣ ਜਾਂਦੇ ਹਨ ਤਾਂ ਕੁਝ ਗੰਭੀਰ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਸ ਬਾਰੇ ਕੁਝ ਕਾਨੂੰਨੀ ਸੁਧਾਰ ਲੋੜੀਂਦੇ ਹਨ ਤਾਂ ਕਿ ਫੈਸਲਾਕੁੰਨ, ਹਿੰਮਤੀ, ਦੂਰਦਰਸ਼ੀ ਤੇ ਪਾਰਦਰਸ਼ੀ ਆਗੂ ਮਿਲ ਸਕਣ, ਜੋ ਆਮ ਲੋਕਾਂ ਦੀ ਭਲਾਈ ਦਾ ਸੁਸ਼ਾਸਨ ਦੇ ਸਕਣ। ਮਕਸਦ ਦੀ ਪ੍ਰਾਪਤੀ ਲਈ ਸਾਡੀ ਵਿਵਸਥਾ ਨੂੰ ਦਲੇਰ ਕਦਮ ਚੁੱਕਣੇ ਪੈਣਗੇ। ਸਿਆਸਤ ਦੇ ਅਪਰਾਧੀਕਰਨ ਦਾ ਵਿਰੋਧ ਹੋਣਾ ਚਾਹੀਦਾ ਹੈ। ਸਾਨੂੰ ਸੱਚੇ ਅਤੇ ਭਰੋਸੇਯੋਗ ਆਗੂਆਂ ਦੀ ਲੋੜ ਹੈ, ਨਾ ਕਿ ਅਪਰਾਧੀਆਂ ਦੀ।

# ਪਾਣੀ ਰੇ ਪਾਣੀ..

-ਜਸਬੀਰ ਕੇਸਰ-



ਕੁਝ ਦਿਨ ਹੋਏ ਆਪਣੀ ਇਕ ਮਿੱਤਰ ਦੇ ਘਰ ਗਈ। ਉਹਨੇ ਆਪਣਾ ਪੁਰਾਣਾ ਘਰ ਨਵਿਆਇਆ ਸੀ ਤੇ ਇਸ ਖੁਸ਼ੀ ਵਿੱਚ ਮੈਂ ਉਸ ਨੂੰ ਵਧਾਈ ਦੇਣ ਤੇ ਉਹਦਾ 'ਨਵਾਂ' ਘਰ ਦੇਖਣ ਚਲੀ ਗਈ। ਚਾਹ ਪਾਣੀ ਪੀਂਦਿਆਂ, ਉਸ ਦੇ ਪਤੀ ਦੇ ਦੋ ਦੋਸਤ ਆ ਗਏ। ਉਨ੍ਹਾਂ ਲਈ ਉਸ ਦੇ ਚਾਹ ਬਣਾਉਣ ਲਈ ਉਠਦਿਆਂ ਮੈਂ ਉਸ ਦੇ ਪਿੱਛੇ ਰਸੋਈ ਵਿੱਚ ਚਲੀ ਗਈ। ਵਾਹਵਾ ਆਧੁਨਿਕ ਕਿਸਮ ਦੀ ਰਸੋਈ ਸੀ। ਉਹਨੇ ਚਾਹ ਧਰ ਦਿੱਤੀ ਤਾਂ ਮੈਂ ਖੜੀ-ਖੜੀ ਨੇ ਪਹਿਲੀ ਚਾਹ ਦੇ ਕੱਪ ਧੋਣੇ ਸ਼ੁਰੂ ਕਰ ਦਿੱਤੇ। ਜਦੋਂ ਪਹਿਲਾ ਕੱਪ ਟੂਟੀ ਥੱਲੇ ਕਰਕੇ ਨਲਕਾ ਖੋਲ੍ਹਿਆ, ਪਾਣੀ ਦੀ ਖਾਸੀ ਮੋਟੀ ਧਾਰ ਕੱਪ ਦੇ ਥੱਲੇ ਨਾਲ ਟਕਰਾ ਕੇ ਬਾਹਰ ਡੁੱਲ੍ਹ ਗਈ। ਮੇਰੇ ਮੂੰਹੋਂ ਸਹਿਵਨ ਨਿਕਲਿਆ, 'ਬੱਲੇ! ਪੂਰਾ ਬੰਬੀ ਜਿੰਨਾ ਪਾਣੀ ਸੁੱਟਦੈ ਇਹ ਤਾਂ।' ਮੇਰੀ ਮਿੱਤਰ ਨੇ ਪੂਰੇ ਮਾਣ ਨਾਲ ਕਿਹਾ, '..ਕੰਪਨੀ ਦੇ ਟੈਪ ਨੇ। ਥੋੜ੍ਹਾ ਜਿਹਾ 'ਪਰਿਲ' ਲਾ ਕੇ ਥੱਲੇ ਰੱਖੋ, ਮਲਣ ਦੀ ਲੋੜ ਨ੍ਹੀਂ ਰਹਿੰਦੀ ਭਾਂਡਿਆਂ ਨੂੰ।'

ਮੇਰੇ ਅੰਦਰ ਹੀ ਅੰਦਰ ਲਰਜ਼ ਗਈ। ਪਿਛਲੇ ਕਈ ਦਿਨਾਂ ਤੋਂ ਪਾਣੀ ਦੀ ਕਿੱਲਤ ਨਾਲ ਜੂਝਦੇ, ਟੀ ਵੀ 'ਤੇ ਦਿਖਾਏ ਜਾ ਰਹੇ ਰਾਜਾਂ ਦੀ ਤਸਵੀਰ ਜ਼ਿਹਨ ਵਿੱਚ ਘੁੰਮ ਗਈ, ਵਾਤਾਵਰਨ ਮਾਹਰਾਂ ਦੀਆਂ ਰਿਪੋਰਟਾਂ ਵੀ ਕਿ 2030 ਤੱਕ ਸਾਰੇ ਮੁਲਕ ਵਿੱਚ ਪੀਣ ਵਾਲਾ ਪਾਣੀ ਖਤਮ ਹੋ ਜਾਵੇਗਾ। ਪਾਣੀ ਬਚਾਉਣ ਲਈ ਜੇ ਉਪਰਾਲੇ ਨਾ ਕੀਤੇ ਗਏ ਤਾਂ ਪੰਜਾਬ ਸਣੇ ਪੂਰੇ ਮੁਲਕ ਵਿੱਚ ਬੁਰੀ ਤਰ੍ਹਾਂ ਸੋਕਾ ਪੈ ਜਾਵੇਗਾ ਤੇ ਉਤੋਂ ਇਸ ਪੜ੍ਹੀ ਲਿਖੀ, ਸੇਵਾਮੁਕਤ ਸਕੂਲ ਅਧਿਆਪਕਾ ਦੀ ਇਹ 'ਅੱਯਾਸ਼ੀ' ਤੇ ਭਾਰਤ ਸਰਕਾਰ ਦੇ ਬੁਲਾਰਿਆਂ ਦੀਆਂ 'ਰੇਨ ਵਾਟਰ ਹਾਰਵੈਸਟਿੰਗ' ਦੀਆਂ ਸਕੀਮਾਂ ਤੇ ਨਸੀਹਤਾਂ ਜੋ ਕੇਵਲ ਭਾਸ਼ਨਾਂ ਤੱਕ ਹੀ ਸੀਮਤ ਹਨ।

ਕੋਈ ਪੁੱਛੇ, ਮੀਂਹ ਦੇ ਪਾਣੀ ਨੂੰ ਸਾਂਭਣ ਦੇ ਵਸੀਲੇ ਲੋਕ ਕਿਵੇਂ ਕਰਨ? ਤੇ ਅੱਜ ਹੜ੍ਹਾਂ ਵਿੱਚ ਰੁੜ੍ਹਦੇ, ਡੁੱਬਦੇ, ਮਰਦੇ ਲੋਕ ਤੇ ਪਸ਼ੂ ਅਤੇ ਡੁੱਬਦੀਆਂ ਫਸਲਾਂ, ਡਿਗਦੀਆਂ ਇਮਾਰਤਾਂ..। ਦੂਰ ਕੀ ਜਾਣਾ, ਘੱਗਰ ਦਰਿਆ ਨੇ ਤਬਾਹੀ ਮਚਾਈ, ਉਸ ਵੇਲੇ ਸਰਕਾਰੀ ਮਸ਼ੀਨਰੀ ਕਿੱਥੇ ਜਾਂਦੀ ਹੈ? ਕਿਉਂ ਨਹੀਂ ਦਰਿਆਵਾਂ, ਨਦੀਆਂ ਨੇੜੇ ਕੋਈ ਅਜਿਹਾ ਇੰਤਜ਼ਾਮ ਕੀਤਾ ਜਾਂਦਾ ਕਿ ਮੀਂਹ ਦਾ ਮੂੰਹ ਜ਼ੋਰ ਪਾਣੀ ਲੋਕਾਂ ਦੇ ਘਰਾਂ ਵਿੱਚ ਵੜਨ ਦੀ ਥਾਵੇਂ, ਕਿਸੇ ਜਲ ਭੰਡਾਰ ਕੇਂਦਰ ਵਿੱਚ ਪਹੁੰਚੇ। ਇਹ ਕੰਮ ਲੋਕਾਂ ਦਾ ਨਹੀਂ, ਲੋਕ ਸਿਰਫ ਇਨ੍ਹਾਂ ਕੰਮਾਂ ਲਈ ਕਿਰਤ ਸ਼ਕਤੀ ਦੇ ਸਕਦੇ ਹਨ। ਕੰਮ ਸਰਕਾਰੀ ਪੈਸੇ ਅਤੇ ਇਸ ਕੰਮ ਲਈ ਸਰਕਾਰ ਵੱਲੋਂ ਰੱਖੇ ਮਾਹਰ ਇੰਜੀਨੀਅਰਾਂ ਰਾਹੀਂ ਹੋ ਸਕਦਾ ਹੈ, ਪਰ ਇਸ ਦੇ ਉਲਟ ਹੁੰਦਾ ਕੀ ਹੈ? ਹੜ੍ਹਾਂ ਵਿੱਚ ਰੁੜ੍ਹੇ, ਡੁੱਬੇ ਜ਼ਖਮੀ ਹੋਏ ਜੀਆਂ ਅਤੇ ਤਬਾਹ ਹੋਈਆਂ ਫਸਲਾਂ ਲਈ ਕੁਝ ਮੁਆਵਜ਼ੇ ਦਾ ਐਲਾਨ ਹੋ ਜਾਂਦਾ ਹੈ। ਡੁੱਬੀ ਫਸਲ ਦੀ ਕੀਮਤ ਦਾ ਸਹੀ ਅੰਦਾਜ਼ਾ ਲਾਉਣ ਲਈ ਕਿਸਾਨ ਫਿਰ ਪਟਵਾਰੀਆਂ ਤਹਿਸੀਲਦਾਰਾਂ ਦੇ ਗਧੀਗੇੜ ਵਿੱਚ ਪੈ ਜਾਂਦਾ ਹੈ। ਫਿਰ ਪੜਤਾਲਾਂ ਅਤੇ ਅਫਸਰਾਂ ਦੇ ਦੌਰੇ, ਤੇ ਇਸ ਵਕਫੇ ਦੌਰਾਨ ਦੂਜੀ ਫਸਲ ਬੀਜਣ ਤੇ ਘਰ ਦਾ ਖਰਚ ਤੋਰਨ ਲਈ ਆੜ੍ਹਤੀਆਂ ਦੇ ਗੇੜੇ ਕੱਢਣ ਲਈ ਮਜ਼ਬੂਰ ਕਿਸਾਨ, ਕਰਜ਼ੇ ਦਾ ਭਾਰ ਤੇ ਖੁਦਕੁਸ਼ੀਆਂ..!

ਸਨਅਤੀਕਰਨ ਤੇ ਸ਼ਹਿਰੀਕਰਨ ਦਾ ਧਰਤੀ ਹੇਠਲਾ ਪਾਣੀ ਮੁਕਾਉਣ ਅਤੇ ਪ੍ਰਦੂਸ਼ਿਤ ਕਰਨ ਦਾ ਰੋਲ ਕਿਸੇ ਨੂੰ ਭੁੱਲਿਆ ਨਹੀਂ। ਅਣਵਿਉਂਤਿਆ ਸ਼ਹਿਰੀ ਵਿਕਾਸ, ਸਨਅਤ ਨਾਲੋਂ ਜ਼ਿਆਦਾ ਮਾਰੂ ਹੈ। ਸਨਅਤਾਂ ਦੁਆਰਾ ਪ੍ਰਦੂਸ਼ਿਤ ਕੀਤੇ ਦਰਿਆ, ਪੀਣ ਯੋਗ ਪਾਣੀ ਦੇਣ ਦੇ ਵੀ ਸਮਰੱਥ ਨਹੀਂ ਰਹੇ। 1972 ਵਿੱਚ ਆਈ ਹਿੰਦੀ ਫਿਲਮ 'ਸ਼ੋਰ' ਦਾ ਗੀਤ ਹੈ- 'ਪਾਨੀ ਰੇ ਪਾਨੀ ਤੇਰਾ ਰੰਗ ਕੈਸਾ, ਜਿਸ ਮੇਂ ਮਿਲਾ ਦੋ ਲਗੇ ਉਸ ਜੈਸਾ।' ਅੱਜ ਹਾਲਤ 'ਜੋ ਭੀ ਮਿਲਾ ਦੋ ਲਗੇ ਉਸ ਜੈਸਾ' ਵਾਲੀ ਹੈ। ਦਰਿਆਵਾਂ ਦਾ ਪਾਣੀ ਲਾਲ ਵੀ ਹੈ, ਨੀਲਾ ਵੀ, ਹਰਾ ਵੀ, ਪੀਲਾ ਵੀ..। ਜਿਸ ਤਰ੍ਹਾਂ ਦੇ 'ਪਦਾਰਥ' ਫੈਕਟਰੀਆਂ ਵਾਲੇ ਸੁੱਟਦੇ ਹਨ, ਪਾਣੀ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ।

ਸ਼ਹਿਰੀ ਨਿਰਮਾਣ ਕਲਾ ਵੀ ਇਸ ਦੀ ਜ਼ਿੰਮੇਵਾਰ ਹੈ। ਸਰਦੇ ਪੁੱਜਦੇ ਡੱਬੀਨੁਮਾ ਘਰਾਂ ਵਿੱਚ ਰਸੋਈ, ਬਾਥਰੂਮ (ਇਕ ਤੋਂ ਵੱਧ) ਵਿੱਚ ਪਾਣੀ ਪਹੁੰਚਦਾ ਹੈ, ਜਿਵੇਂ ਮਰਜ਼ੀ ਵਰਤੀ ਜਾਓ। ਬਿਨਾਂ ਕਿਸੇ ਮੁਸ਼ੱਕਤ ਮਿਲ ਰਿਹਾ ਹੈ, ਮੇਰੀ ਉਸ ਮਿੱਤਰ ਵਾਂਗ। ਪੁਰਾਣੀ ਇਮਾਰਤ ਕਲਾ ਭਾਰਤੀ ਜਲਵਾਯੂ ਅਨੁਸਾਰ ਹੋਰ ਤਰ੍ਹਾਂ ਦੀ ਹੁੰਦੀ ਸੀ। ਬਾਹਰਲਾ ਬੂਹਾ ਖੁੱਲ੍ਹਦਿਆਂ ਵਿਹੜਾ, ਉਸ ਦੇ ਸਾਹਮਣੇ ਅਤੇ ਪਾਸਿਆਂ ਤੇ ਰਸੋਈ ਤੇ ਹੋਰ ਕਮਰੇ, ਦਰਵਾਜ਼ੇ ਦੇ ਨਾਲ ਹੀ ਬੈਠਕ ਜਿਸ ਨੂੰ ਅੱਜ ਕੱਲ੍ਹ 'ਡਰਾਇੰਗ ਰੂਮ' ਕਿਹਾ ਜਾਂਦਾ ਹੈ। ਵਿਹੜੇ ਦੇ ਇਕ ਪਾਸੇ ਨਲਕਾ ਜਾਂ ਖੂਹ। ਖੂਹ ਵਿੱਚੋਂ ਨਲਕਾ ਗੇੜ ਕੇ ਪਾਣੀ ਕੱਢਿਆ ਜਾਂਦਾ ਸੀ। ਘਰ ਦੇ 'ਕੱਲੇ 'ਕੱਲੇ ਜੀਅ ਦੀ ਮੁਸ਼ੱਕਤ ਲੱਗਦੀ ਸੀ, ਇਸ ਲਈ ਲੋੜ ਅਨੁਸਾਰ ਹੀ ਪਾਣੀ ਕੱਢਿਆ ਜਾਂਦਾ ਸੀ।

ਜਦੋਂ ਮਿਉਂਸਪੈਲਿਟੀ ਦਾ ਪਾਣੀ ਘਰੋ-ਘਰ ਆਇਆ ਤਾਂ ਘਰਾਂ ਨੂੰ ਇਕ ਪਾਈਪ ਦਿੱਤੀ ਗਈ ਤੇ ਇਕ ਟੂਟੀ ਜੋ ਵਿਹੜੇ ਦੇ ਇਕ ਪਾਸੇ ਲੱਗੀ ਹੁੰਦੀ ਸੀ। ਇਹ ਟੂਟੀ ਪਿੱਤਲ ਦੀ ਹੁੰਦੀ ਸੀ ਤੇ ਉਸ ਵਿੱਚੋਂ ਅੱਜ ਵਾਲੀਆਂ 'ਟੈਪਾਂ' ਤੋਂ ਖਾਸੀ ਬਾਰੀਕ ਧਾਰ ਪਾਣੀ ਦੀ ਵਗਦੀ ਸੀ। ਇਸੇ ਤੋਂ ਬਾਲਟੀਆਂ ਭਰ ਕੇ ਹਰ ਕੋਈ ਨਹਾਉਣ ਧੋਣ ਦਾ ਤੇ ਹੋਰ ਕੰਮ ਨਿਬੇੜਦਾ ਸੀ। ਉਸ ਵੇਲੇ ਲੋਕ ਪਾਣੀ ਦੀ ਅਹਿਮੀਅਤ ਸਮਝਦੇ ਸਨ ਅਤੇ ਸੰਜਮੀ ਸਨ। ਟੂਟੀਆਂ ਦੀ ਸਹੂਲਤ ਤੋਂ ਪਹਿਲਾਂ ਅਤੇ ਪਿੱਛੋਂ ਵੀ, ਲੋਕਾਂ ਨੂੰ 'ਰੇਨ ਵਾਟਰ ਹਾਰਵੈਸਟਿੰਗ' ਦੀ ਵੀ ਸਮਝ ਸੀ।

ਅੱਜ ਸ਼ਹਿਰੀ ਘਰਾਂ ਵਿੱਚ ਇਸ ਤਰ੍ਹਾਂ ਦੀ ਵਿਵਸਥਾ ਨਹੀਂ। ਪੱਛਮੀ ਨਕਸ਼ੇ ਅਨੁਸਾਰ ਬਣੇ ਘਰਾਂ ਵਿੱਚ ਪਾਣੀ ਬਚਾਉਣ ਦਾ ਕੋਈ ਹੀਲਾ ਨਹੀਂ। ਹਰ ਤਰ੍ਹਾਂ ਦਾ ਪਾਣੀ ਸਿੱਧਾ ਗਟਰ ਵਿੱਚ ਜਾਂਦਾ ਹੈ। ਪੱਛਮ ਦੇ ਕਈ ਮੁਲਕਾਂ ਵਿੱਚ ਸੀਵਰੇਜ ਦੇ ਪਾਣੀ ਨੂੰ ਵੀ ਪਾਈਪਾਂ ਰਾਹੀਂ ਸ਼ਹਿਰ ਤੋਂ ਬਾਹਰਵਾਰ ਜਾਂ ਆਸੇ ਪਾਸੇ ਬਣੇ ਪਾਰਕਾਂ ਵਿੱਚ ਪਹੁੰਚਾਇਆ ਜਾਂਦਾ ਹੈ, ਜਿਹੜੇ ਸ਼ਹਿਰ ਭਰ ਦੇ ਕੂੜੇ ਲਈ ਬਣੇ ਵੱਡੇ-ਵੱਡੇ ਟੋਇਆਂ ਉਪਰ ਉਸਾਰੇ ਹੁੰਦੇ ਹਨ। ਕੂੜਾ ਖਾਦ ਦਾ ਕੰਮ ਕਰਦਾ ਹੈ ਤੇ ਗਟਰ ਦਾ ਪਾਣੀ ਉਨ੍ਹਾਂ ਉਤੇ ਉਗਾਏ ਫੁੱਲ ਬੂਟੇ ਸਿੰਜਦਾ ਹੈ। ਮੇਰੀ ਮਨਸ਼ਾ ਇਹ ਤਾਂ ਨਹੀਂ ਕਿ ਸ਼ਹਿਰੀ ਘਰ ਢਾਹ ਕੇ ਮੁੜ ਪੁਰਾਣੀ ਕਿਸਮ ਦੇ ਘਰ ਬਣਾਏ ਜਾਣ, ਪਰ ਕੋਈ ਵਿਵਸਥਾ ਜ਼ਰੂਰ ਹੋ ਸਕਦੀ ਹੈ। ਸਰਕਾਰ ਜ਼ਮੀਨ ਹੇਠ ਰੁੜ੍ਹਦੇ ਪਾਣੀ ਨੂੰ ਸਾਫ ਕਰਕੇ ਵਰਤੋਂ ਵਿੱਚ ਲਿਆਵੇ। ਸ਼ਹਿਰੀ ਵਸੋਂ ਨੂੰ ਵੀ ਚੇਤੰਨ ਹੋਣ ਦੀ ਲੋੜ ਹੈ। ਨਹੀਂ ਤਾਂ ਜੋ ਹਾਲਤ ਹੈ, ਨੇੜ ਭਵਿੱਖ ਵਿੱਚ ਹੀ ਪਿਆਸੇ ਮਰਨ ਦੀ ਨੌਬਤ ਆ ਸਕਦੀ ਹੈ, ਜੇ ਅਜੇ ਨਹੀਂ ਤਾਂ ਅਗਲੀ ਪੀੜ੍ਹੀ ਦੀ, ਜਿਹੜੀ ਅਜੇ ਸਕੂਲਾਂ, ਕਾਲਜਾਂ ਵਿੱਚ ਪੜ੍ਹ ਰਹੀ ਹੈ ਤੇ ਜਿਸ ਦਾ ਭਵਿੱਖ ਸੰਵਾਰਨ ਖਾਤਰ ਉਹ ਉਮਰਾਂ ਦੀਆਂ ਕਮਾਈਆਂ ਲਾ ਰਹੇ ਹਨ।

# ਵਿਧਵਾਵਾਂ ਪ੍ਰਤੀ ਸੋਚ ਬਦਲੋ

-ਕੰਵਲ ਭੱਟੀ-

ਵਿਧਵਾ ਔਰਤ ਦੇ ਦੁੱਖ ਤਕਲੀਫਾਂ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਇਕ ਔਰਤ ਜੋ ਪਤੀ ਦੇ ਸਿਰ ਉਤੇ ਮੌਜ ਮਾਣਦੀ ਹੈ। ਪਤੀ ਦਾ ਦੇਹਾਂਤ ਹੋਣ ਉਤੇ ਉਸ ਔਰਤ ਦਾ ਇਕਦਮ ਘਰੇਲੂ ਜ਼ਿੰਦਗੀ ਛੱਡ ਕੇ ਮਰਦ ਬਣ ਕੇ ਘਰ ਤੋਂ ਬਾਹਰ ਨਿਕਲਣਾ ਅਤੇ ਔਰਤ ਬਣ ਕੇ ਘਰ ਵਿਚਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਜਦੋਂ ਪਤਨੀ ਦੇ ਸਿਰੋਂ ਪਤੀ ਦਾ ਸਾਇਆ ਉਠਦਾ ਹੈ ਤਾਂ ਉਸ ਦਾ ਹਰ ਕਿਸਮ ਦਾ ਸ਼ੋਸ਼ਣ ਸ਼ੁਰੂ ਹੋ ਜਾਂਦਾ ਹੈ। ਸ਼ੋਸ਼ਣ ਬੇਗਾਨੇ ਭਾਵੇਂ ਨਾ ਕਰਨ, ਪਰ ਉਸ ਦੀ ਜੋ ਦਸ਼ਾ ਰਿਸ਼ਤੇਦਾਰ ਜਾਂ ਸ਼ਰੀਕ ਕਰਦੇ ਹਨ, ਕਈ ਵਾਰ ਉਹ ਸੁਣ ਕੇ ਜਾਂ ਦੇਖ ਕੇ ਦਿਲ ਦਹਿਲ ਜਾਂਦਾ ਹੈ। ਸਭ ਤੋਂ ਪਹਿਲਾਂ ਉਸ ਦੀ ਜਾਇਦਾਦ ਹਥਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਕੋਈ ਔਰਤ ਏਦਾਂ ਨਹੀਂ ਹੋਣ ਦਿੰਦੀ ਤਾਂ ਆਖਰੀ ਹਥਿਆਰ ਉਸ ਦੇ ਚਰਿੱਤਰ ਉਤੇ ਉਂਗਲ ਚੁੱਕ ਕੇ ਵਰਤਿਆ ਜਾਂਦਾ ਹੈ। ਅਜਿਹੀਆਂ ਸਮੱਸਿਆਵਾਂ ਨਾਲ ਜੂਝਦੀ ਹਰ ਵਿਧਵਾ ਔਰਤ ਆਪਣੇ ਬੱਚੇ ਪਾਲਦੀ ਹੈ। ਫਿਰ ਜਦੋਂ ਬੱਚੇ ਉਸ ਦੇ ਲਾਇਕ ਨਿਕਲਦੇ ਹਨ, ਉਹੀ ਰਿਸ਼ਤੇਦਾਰ ਸਾਕ ਸਬੰਧੀ ਔਖੇ ਵੇਲੇ ਜੋ ਉਸ ਨੂੰ ਛੱਡ ਗਏ ਸਨ, ਨੇੜੇ-ਨੇੜੇ ਆਉਣ ਲੱਗ ਜਾਂਦੇ ਹਨ।

ਵਿਧਵਾਵਾਂ ਨੂੰ ਸਗਨਾਂ ਤੋਂ ਦੂਰ ਸਿਰਫ ਅਨਪੜ੍ਹ ਲੋਕ ਨਹੀਂ, ਪੜ੍ਹੇ ਲਿਖੇ ਲੋਕ ਵੀ ਰੱਖਦੇ ਹਨ। ਜਨਮ, ਵਿਆਹ ਅਤੇ ਹੋਰ ਖੁਸ਼ੀ ਦੇ ਪਲਾਂ 'ਤੇ ਕੀਤੇ ਜਾਂਦੇ ਸ਼ਗਨਾਂ ਤੋਂ ਵਿਧਵਾਵਾਂ ਨੂੰ ਦੂਰ ਰੱਖਿਆ ਜਾਂਦਾ ਹੈ। ਜਦੋਂ ਲੋਕ ਵਿਤਕਰਾ ਕਰਦੇ ਹਨ ਤਾਂ ਵਿਧਵਾਵਾਂ ਆਪੇ ਪਿੱਛੇ ਹਟ ਜਾਂਦੀਆਂ ਹਨ। ਸਾਡੇ ਸਮਾਜ ਦੀ ਸੋਚ ਇਥੋਂ ਤੱਕ ਸੀਮਤ ਹੈ ਕਿ ਜੇ ਵਿਧਵਾ ਸ਼ਗਨ ਕਰੇਗੀ ਤਾਂ ਅਸ਼ੁੱਭ ਹੋਵੇਗਾ, ਪਰ ਅਸੀਂ ਇਹ ਕਿਉਂ ਭੁੱਲ ਜਾਂਦੇ ਹਾਂ ਕਿ ਜੋ ਔਰਤ ਅੱਜ ਵਿਧਵਾ ਹੋਈ ਹੈ, ਕਿਸੇ ਸਮੇਂ ਉਸ ਦੇ ਸ਼ਗਨ ਵੀ ਸੁਹਾਗਣ ਨੇ ਕੀਤੇ ਸਨ, ਫਿਰ ਅੱਜ ਉਹ ਵਿਧਵਾ ਕਿਉਂ ਹੋ ਗਈ? ਜੋ ਔਰਤ ਵਿਧਵਾ ਹੋਈ ਹੈ ਉਸ ਵਿੱਚ ਉਸ ਦਾ ਕੀ ਕਸੂਰ ਹੈ? ਘਟੀਆ ਰਸਮਾਂ ਨੂੰ ਤਿਆਗਦੇ ਹੋਏ ਸਾਨੂੰ ਇਨ੍ਹਾਂ ਬਾਰੇ ਵਿਚਾਰ ਕਰਨ ਦੀ ਲੋੜ ਹੈ।

ਅਸੀਂ ਇੰਨੇ ਸੁਆਰਥੀ ਹਾਂ ਕਿ ਰਸਮਾਂ ਸਮਝਾਉਣ ਲਈ ਸਭ ਤੋਂ ਅੱਗੇ ਹੁੰਦੇ ਹਾਂ, ਜਦੋਂ ਕੋਈ ਵਿਧਵਾ ਆਮਦਨੀ ਦਾ ਸਾਧਨ ਨਾ ਹੋਣ ਦੇ ਬਾਵਜੂਦ ਗਰੀਬੀ ਨਾਲ ਵਿਲਕਦੀ ਹੋਈ ਆਪਣੇ ਬੱਚੇ ਪਾਲਦੀ ਹੈ ਤਾਂ ਅਸੀਂ ਸਭ ਪਾਸਾ ਵੱਟ ਕੇ ਲੰਘਦੇ ਹਾਂ। ਜਦੋਂ ਉਹ ਮਿਹਨਤ ਕਰਕੇ ਪੈਰਾਂ 'ਤੇ ਖੜੀ ਹੋ ਜਾਵੇ, ਫਿਰ ਸਭ ਉਸ ਦੇ ਕੋਲ ਆਉਣ ਲੱਗ ਜਾਂਦੇ ਹਨ। ਜਦੋਂ ਉਸ ਦੇ ਬੱਚਿਆਂ ਦੇ ਵਿਆਹ ਦੇ ਸ਼ਗਨ ਹੁੰਦੇ ਹਨ ਤਾਂ ਉਸ ਨੂੰ ਬਾਹੋਂ ਫੜ ਕੇ 'ਬਦਸ਼ਗਨੀ' ਕਹਿ ਕੇ ਪਿੱਛੇ ਕਰ ਦਿੱਤਾ ਜਾਂਦਾ ਹੈ। ਜਿਨ੍ਹਾਂ ਬੱਚਿਆਂ ਨੂੰ ਮਰ-ਮਰ ਕੇ ਪਾਲਿਆ, ਮਾਂ ਉਨ੍ਹਾਂ ਦੇ ਸੁਖੀ ਸੰਸਾਰ ਲਈ ਆਪਣਾ ਹੱਕ ਸੁਹਾਗਣਾਂ ਨੂੰ ਦੇ ਕੇ ਪਿੱਛੇ ਹਟ ਜਾਂਦੀ ਹੈ, ਕਿਉਂਕਿ ਉਹ ਵਿਧਵਾ ਹੈ।

ਇਕ ਵਾਰ ਵਿਧਵਾ ਔਰਤ ਨਾਲ ਗੱਲਬਾਤ ਹੋਈ। ਉਸ ਨੇ ਦੱਸਿਆ ਕਿ ਉਸ ਦੇ ਦੋ ਬੇਟੇ ਹਨ। ਚੜ੍ਹਦੀ ਉਮਰੇ ਪਤੀ ਦੀ ਮੌਤ ਹੋਣ ਕਰਕੇ ਉਸ ਨੇ ਆਪਣੇ ਬੱਚੇ ਗਰੀਬੀ ਨਾਲ ਜੂਝ ਕੇ, ਲੋਕਾਂ ਦੇ ਖੇਤਾਂ ਵਿੱਚ ਕੰਮ ਕਰਕੇ ਪਾਲੇ। ਉਸ ਦੀ ਬਹੁਤ ਇੱਛਾ ਸੀ ਕਿ ਉਹ ਆਪਣੇ ਪੁੱਤਾਂ ਦੇ ਵਿਆਹ 'ਤੇ ਉਨ੍ਹਾਂ ਦੇ ਸਿਰੋਂ ਪਾਣੀ ਵਾਰ ਕੇ ਪੀਵੇ, ਪਰ ਸੁਹਾਗਣਾਂ ਨੇ ਬਦਸ਼ਗਨੀ ਕਹਿ ਕੇ ਉਸ ਨੂੰ ਪਿੱਛੇ ਕਰ ਦਿੱਤਾ। ਇੰਨਾ ਕਹਿ ਕੇ ਉਸ ਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਗਣ ਲੱਗੇ। ਘਰ ਵਿੱਚ ਜਿਸ ਦਿਨ ਪੁੱਤਰ ਦਾ ਜਨਮ ਹੁੰਦਾ ਹੈ, ਉਸੇ ਦਿਨ ਔਰਤ ਨੂੰਹ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੀ ਹੈ। ਪੁੱਤ ਤੇ ਨੂੰਹ ਤੋਂ ਪਾਣੀ ਵਾਰਨ ਦਾ ਸੁਪਨਾ ਪਤੀ ਦੀ ਮੌਤ ਵਾਲੇ ਦਿਨ ਚਕਨਾਚੂਰ ਹੋ ਜਾਂਦਾ ਹੈ। ਜਦੋਂ ਪੁੱਤ ਨੂੰਹ ਤੋਂ ਕੋਈ ਹੋਰ ਔਰਤ ਪਾਣੀ ਵਾਰਦੀ ਹੈ ਅਤੇ ਜਦੋਂ ਉਸ ਦੀ ਧੀ ਦੇ ਹੱਥਾਂ 'ਤੇ ਮਹਿੰਦੀ ਲੱਗਦੀ ਹੈ ਤਾਂ ਮਹਿੰਦੀ 'ਤੇ ਉਸ ਦਾ ਪਰਛਾਵਾਂ ਨਹੀਂ ਪੈਣ ਦਿੱਤਾ ਜਾਂਦਾ। ਉਸ ਸਮੇਂ ਜੋ ਪੀੜ ਉਸ ਵਿਧਵਾ ਮਾਂ ਨੂੰ ਹੁੰਦੀ ਹੈ, ਉਸ ਨੂੰ ਕੌਣ ਸਮਝਦਾ ਹੈ?

ਸਮਾਜ ਕੀ ਹੈ? ਸਮਾਜ ਦੀਆਂ ਰਸਮਾਂ ਕੀ ਹਨ? ਅਸੀਂ ਹੀ ਹਾਂ। ਇਹ ਸਮਾਜ ਤੇ ਰਸਮਾਂ ਦੇ ਸਿਰਜਕ ਅਸੀਂ ਹਾਂ। ਇਹ ਬਦਸ਼ਗਨੀ ਸਾਡੀ ਸੋਚ ਦੀ ਹੈ। ਜੇ ਆਪਾਂ ਸਾਰੇ ਇਕੱਠੇ ਹੋ ਕੇ ਵਿਧਵਾਵਾਂ ਨੂੰ ਸ਼ਗਨ ਕਰਨ ਤੋਂ ਰੋਕਣ ਲਈ ਬਾਹੋਂ ਫੜ ਕੇ ਪਿੱਛੇ ਧੱਕਣ ਦੀ ਤਾਂ ਅੱਗੇ ਕਰੀਏ, ਉਨ੍ਹਾਂ ਦਾ ਕਿੰਨਾ ਮਾਣ ਵਧੇਗਾ। ਉਹ ਵਿਅਕਤੀ ਸਭ ਤੋਂ ਵਧੀਆ ਤੇ ਉਸਾਰੂ ਸੋਚ ਦਾ ਮਾਲਕ ਹੈ ਜੋ ਅਜਿਹਾ ਕਰਦਾ ਹੈ। ਵਿਧਵਾਵਾਂ ਨੂੰ ਸ਼ਗਨਾਂ ਨਾਲ ਜੋੜਨ ਲਈ ਮੁੱਖ ਜ਼ਿੰਮੇਵਾਰੀ ਵਿਧਵਾਵਾਂ ਦੇ ਬੱਚਿਆਂ ਦੀ ਹੈ। ਜੇ ਉਹ ਮਾਂ ਦੇ ਪੱਖ ਵਿੱਚ ਖੜੋ ਜਾਣ, ਕਿਸੇ ਦੀ ਹਿੰਮਤ ਨਹੀਂ ਪਵੇਗੀ ਕਿ ਉਸ ਨੂੰ ਸ਼ਗਨ ਕਰਨ ਤੋਂ ਰੋਕਣ। ਜੇ ਬੱਚੇ ਅਜਿਹਾ ਕਰਨ ਤਾਂ ਅੰਧ ਵਿਸ਼ਵਾਸੀ ਸੋਚ ਜੜ੍ਹੋਂ ਪੁੱਟ ਸਕਦੇ ਹਾਂ। ਸਾਨੂੰ ਵਿਧਵਾਵਾਂ ਲਈ ਆਵਾਜ਼ ਉਠਾਉਣ ਦੀ ਲੋੜ ਹੈ। ਜੇ ਅਸੀਂ ਇਹ ਕਰੂਪ ਰਸਮਾਂ ਖਤਮ ਨਹੀਂ ਕਰਦੇ ਤਾਂ ਕੀ ਫਾਇਦਾ ਸਾਡੇ ਪੜ੍ਹੇ ਲਿਖੇ ਹੋਣ ਦਾ?









# ਖ਼ਬਰਾਂ ਪੰਜਾਬ ਦੀਆਂ

## ਦਰਜਨ ਨੌਜਵਾਨਾਂ ਨੇ ਚਿੱਟੇ ਦਿਨ ਮਾਂ-ਬਾਪ ਕੋਲੋਂ ਮੁਟਿਆਰ ਅਗਵਾ ਕਰ ਲਈ

ਗੁਰਦਾਸਪੁਰ, 12 ਅਗਸਤ (ਪੋਸਟ ਬਿਊਰੋ)- ਨੇੜਲੇ ਪਿੰਡ ਅਬੁਲਖੈਰ ਦੀ 23 ਸਾਲਾਂ ਦੀ ਲੜਕੀ ਨੂੰ ਚਿੱਟੇ ਦਿਨ ਇਕ ਦਰਜਨ ਦੇ ਕਰੀਬ ਨੌਜਵਾਨਾਂ ਨੇ ਅਗਵਾ ਕਰ ਲਿਆ। ਲੜਕੀ ਦੇ ਪਿਤਾ ਦੇ ਬਿਆਨਾਂ 'ਤੇ ਦੀਨਾਨਦਰ ਪੁਲਸ ਨੇ ਲਵ ਪ੍ਰੀਤ ਸਿੰਘ ਨਾਮ ਦੇ ਨੌਜਵਾਨ ਅਤੇ ਉਸ ਦੇ ਦਸ ਅਣਪਛਾਤੇ ਸਾਥੀਆਂ ਖਿਲਾਫ ਕੇਸ ਦਰਜ ਕੀਤਾ ਹੈ।

ਦੀਨਾਨਗਰ ਥਾਣੇ ਦੇ ਮੁਖੀ ਬਲਦੇਵ ਰਾਜ ਨੇ ਦੱਸਿਆ ਕਿ ਪਿੰਡ ਅਬੁਲਖੈਰ ਦੀ ਮਨਦੀਪ ਕੌਰ ਪੁੱਤਰੀ ਅਮਰੀਕ ਸਿੰਘ ਆਪਣੇ ਪਿਤਾ ਅਤੇ ਦਾਦੀ ਨਾਲ ਸਕੂਟਰੀ 'ਤੇ ਪਿੰਡ ਤੋਂ ਮੁਕੇਰੀਆਂ ਵੱਲ ਜਾ ਰਹੀ ਸੀ। ਰਸਤੇ ਵਿੱਚ ਪਿੰਡ ਰਾਮ-ਨਗਰ ਕੋਲ ਹਾਈਵੇ ਉਤੇ ਇਕ ਚਿੱਟੀ ਸਵਿਫਟ ਕਾਰ, ਜਿਸ 'ਤੇ ਕੋਈ ਨੰਬਰ ਪਲੇਟ ਨਹੀਂ ਸੀ, ਵਿੱਚ ਸਵਾਰ ਤਿੰਨ ਨੌਜਵਾਨਾਂ ਨੇ ਉਨ੍ਹਾਂ ਦੀ ਸਕੂਟਰੀ ਰੋਕੀ, ਚਾਰ ਮੋਟਰ ਸਾਈਕਲਾਂ ਉਤੇ ਸਵਾਰ ਅੱਠ ਅਣਪਛਾਤੇ ਹੋਰ ਨੌਜਵਾਨਾਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ। ਇਨ੍ਹਾਂ ਨੌਜਵਾਨਾਂ ਨੇ ਜਬਰੀ ਇਸ ਕੁੜੀ ਦੀ ਖਿੱਚ ਕੇ ਆਪਣੀ ਕਾਰ ਵਿੱਚ ਸੁੱਟ ਲਿਆ। ਅਮਰੀਕ ਸਿੰਘ ਨੇ ਦੱਸਿਆ ਕਿ ਉਹ ਕਾਰ ਵਿੱਚ ਸਵਾਰ ਇਕ ਨੌਜਵਾਨ ਲਵ ਪ੍ਰੀਤ ਸਿੰਘ ਪੁੱਤਰ ਅਮਰੀਕ ਸਿੰਘ ਪਿੰਡ ਸੈਨਪੁਰ ਨੂੰ ਪਛਾਣਦਾ ਹੈ ਅਤੇ ਉਹ ਉਨ੍ਹਾਂ ਦੇ ਨੇੜਲੇ ਪਿੰਡ ਦਾ ਵਾਸੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਹੋਰ ਜ਼ਿਲਿਆਂ ਦੀ ਪੁਲਸ ਅਤੇ ਵੱਖ-ਵੱਖ ਨਾਕਿਆਂ ਨੂੰ ਇਸ ਸਬੰਧੀ ਸੂਚਨਾ ਭੇਜ ਦਿੱਤੀ ਗਈ ਹੈ।

## ਭਾਜਪਾ ਨੇ ਮੈਂਬਰਸ਼ਿਪ ਕੀਤੀ, 23 ਲੱਖ ਵਿੱਚੋਂ 14 ਲੱਖ ਜਾਅਲੀ



ਜਲੰਧਰ, 12 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਆਪਣੇ ਭਾਈਵਾਲ ਅਕਾਲੀ ਦਲ ਨਾਲ ਮੁਕਾਬਲੇਬਾਜ਼ੀ ਕਰਨ ਦੇ ਲਈ ਭਾਰਤੀ ਜਨਤਾ ਪਾਰਟੀ ਨੇ ਪਿਛਲੇ ਸਾਲ ਮੈਂਬਰਸ਼ਿਪ ਭਰਤੀ ਮੁਹਿੰਮ ਸ਼ੁਰੂ ਕੀਤੀ ਸੀ। ਪਤਾ ਲੱਗਾ ਹੈ ਕਿ ਡਿਜੀਟਲ ਮੁਹਿੰਮ ਹੇਠ 23 ਲੱਖ ਮੈਂਬਰਸ਼ਿਪ ਹੋਈ ਸੀ, ਪਰ ਅਸਲ ਮੈਂਬਰਸ਼ਿਪ 9 ਲੱਖ ਕਰੀਬ ਹੀ ਨਿਕਲੀ ਹੈ ਤੇ ਕਰੀਬ 14 ਲੱਖ ਇਹੋ ਜਿਹੇ ਮੈਂਬਰ ਬਣ ਗਏ ਹਨ, ਜਿਨ੍ਹਾਂ ਦਾ ਕੋਈ ਅਤਾ ਪਤਾ ਹੀ ਨਹੀਂ ਲੱਗਦਾ।

ਭਾਜਪਾ ਲੀਡਰਸ਼ਿਪ ਇਸ ਸਥਿਤੀ ਤੋਂ ਬੇਹੱਦ ਚਿੰਤਤ ਤੇ ਪ੍ਰੇਸ਼ਾਨ ਦੱਸੀ ਜਾਂਦੀ ਹੈ। ਪੰਜਾਬ ਭਾਜਪਾ ਦੀ ਲੀਡਰਸ਼ਿਪ 23 ਲੱਖ ਮੈਂਬਰ ਭਰਤੀ ਕਰਕੇ ਪੰਜਾਬ ਵਿੱਚ ਵੱਡਾ ਆਧਾਰ ਹੋਣ ਦੇ ਦਾਅਵੇ ਕਰ ਰਹੀ ਸੀ, ਪਰ ਅਸਲੀਅਤ ਸਾਹਮਣੇ ਆਈ ਤਾਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ। ਪਿਛਲੇ ਸਾਲ ਨਵੰਬਰ ਵਿੱਚ ਭਾਜਪਾ ਨੇ ਸਾਰੇ ਦੇਸ਼ ਦੇ ਵਿੱਚ ਡਿਜੀਟਲ ਮੈਂਬਰਸ਼ਿਪ ਸ਼ੁਰੂ ਕੀਤੀ ਸੀ, 31 ਮਾਰਚ ਤੱਕ ਇਸ ਦਾ ਪਹਿਲਾ ਪੜਾਅ ਚੱਲਿਆ ਅਤੇ ਇਸ ਤੋਂ ਬਾਅਦ ਮੁਹਿੰਮ ਦਾ ਸਮਾਂ 30 ਅਪ੍ਰੈਲ ਤੱਕ ਵਧਾ ਦਿੱਤਾ ਗਿਆ ਸੀ। ਭਾਜਪਾ ਦਾ ਦਾਅਵਾ ਹੈ ਕਿ ਪੂਰੇ ਦੇਸ਼ ਵਿੱਚ 10 ਕਰੋੜ ਤੋਂ ਵਧੇਰੇ ਮੈਂਬਰ ਭਰਤੀ ਹੋਏ ਹਨ ਤੇ ਇਕੱਲੇ ਉਤਰ ਪ੍ਰਦੇਸ਼ ਵਿੱਚ ਭਾਜਪਾ ਦੀ ਮੈਂਬਰਸ਼ਿਪ 1.77 ਕਰੋੜ ਦੇ ਕਰੀਬ ਹੈ। ਇਸ ਸੰਬੰਧ ਵਿੱਚ ਪਾਰਟੀ ਨੇ ਡਿਜੀਟਲ ਮੈਂਬਰਸ਼ਿਪ ਲਈ ਇਕ ਟੈਲੀਫੋਨ ਨੰਬਰ ਜਾਰੀ ਕੀਤਾ ਸੀ, ਜਿਸ ਉਤੇ ਮਿਸਡ ਕਾਲ ਕਰਨ ਨਾਲ ਭਾਜਪਾ ਦੀ ਮੈਂਬਰਸ਼ਿਪ ਮਿਲ ਜਾਂਦੀ ਸੀ। ਇਸ ਦੌਰਾਨ ਪੰਜਾਬ ਵਿੱਚ ਭਰਤੀ ਮੁਹਿੰਮ ਹੇਠ 23 ਲੱਖ ਦੇ ਕਰੀਬ ਲੋਕਾਂ ਨੇ ਮਿਸਡ ਕਾਲ ਕਰ ਕੇ ਮੈਂਬਰਸ਼ਿਪ ਲੈ ਲਈ। ਦੂਸਰੇ ਪੜਾਅ ਵਿੱਚ ਜਦ ਮੈਂਬਰਸ਼ਿਪ ਵਾਲਿਆਂ ਦਾ ਪੂਰਾ ਅਤਾ ਪਤਾ ਜੁਟਾਉਣਾ ਸ਼ੁਰੂ ਕੀਤਾ ਤਾਂ ਭਰਤੀ ਮੁਹਿੰਮ ਦੇ ਪ੍ਰਬੰਧਕ ਹੈਰਾਨ ਰਹਿ ਗਏ। ਕੁੱਲ 23 ਲੱਖ ਮੈਂਬਰਾਂ ਵਿੱਚੋਂ 14 ਲੱਖ ਦੇ ਕਰੀਬ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕਿਸ ਨੇ ਮੋਬਾਈਲ ਫੋਨ ਤੋਂ ਮਿਸਡ ਕਾਲ ਮਾਰੀ ਹੈ। ਜੁਲਾਈ ਦੇ ਪਹਿਲੇ ਹਫਤੇ ਮਿਸਡ ਕਾਲ ਅੰਕੜਿਆਂ ਦੀ ਪੜਤਾਲ ਕੀਤੀ ਤਾਂ 23 ਲੱਖ ਵਿੱਚੋਂ ਸਿਰਫ 9 ਲੱਖ ਨੇ ਮੈਂਬਰ ਬਣਨ ਦੀ ਗੱਲ ਮੰਨੀ ਹੈ।

ਵਰਨਣ ਯੋਗ ਹੈ ਕਿ ਭਾਜਪਾ ਨੇ ਪੇਂਡੂ ਖੇਤਰਾਂ ਵਿੱਚ ਵੀ ਮੈਂਬਰਸ਼ਿਪ ਕਰਨ ਦਾ ਯਤਨ ਕੀਤਾ ਸੀ ਅਤੇ ਇਸ ਦੌਰਾਨ ਕੁਝ ਅਕਾਲੀ ਨੇਤਾਵਾਂ ਨਾਲ ਉਸ ਦੇ ਆਗੂਆਂ ਦਾ ਝਗੜਾ ਵੀ ਹੋਇਆ ਸੀ। ਇਸ ਪਿੱਛੋਂ ਤਾਜ਼ਾ ਸਥਿਤੀ ਵੇਖਣ ਦੇ ਬਾਅਦ ਨਮੋਸ਼ੀ ਧੋਣ ਲਈ ਭਾਜਪਾ ਲੀਡਰਸ਼ਿਪ ਨੇ ਇੱਕ ਵਾਰ ਫਿਰ ਘਰ-ਘਰ ਜਾ ਕੇ ਮੈਂਬਰਸ਼ਿਪ ਸ਼ੁਰੂ ਕੀਤੀ ਹੈ ਅਤੇ ਖਾਸ ਕਰ ਕੇ ਮਾਲਵਾ ਖੇਤਰ ਵਿੱਚ ਨਵੇਂ ਮੈਂਬਰ ਭਰਤੀ ਕਰਨ ਉੱਤੇ ਜ਼ੋਰ ਦਿੱਤਾ ਹੈ। ਭਾਜਪਾ ਨੇਤਾ ਕਹਿੰਦੇ ਹਨ ਕਿ ਚਾਰ ਲੱਖ ਦੇ ਕਰੀਬ ਹੋਰ ਮੈਂਬਰਸ਼ਿਪ ਭਰਤੀ ਕਰ ਲਈ ਹੈ ਤੇ ਇਸ ਵਿੱਚੋਂ 40 ਫੀਸਦੀ ਦੇ ਕਰੀਬ ਮੈਂਬਰਸ਼ਿਪ ਭਰਤੀ ਮਾਲਵਾ ਖੇਤਰ ਵਿੱਚੋਂ ਕੀਤੀ ਹੈ। ਪੰਜਾਬ ਦੀ ਭਰਤੀ ਮੁਹਿੰਮ ਕਮੇਟੀ ਦੇ ਇੰਚਾਰਜ ਦਿਆਲ ਸਿੰਘ ਸੋਢੀ ਦਾ ਕਹਿਣਾ ਹੈ ਕਿ ਭਰਤੀ ਮੁਹਿੰਮ ਦੇ ਲਈ ਪ੍ਰਦੇਸ਼ ਪ੍ਰਧਾਨ ਸ਼ਵੇਤ ਮਲਿਕ ਖੁਦ ਵੀ ਲੋਕ ਸਭਾ ਹਲਕਾ ਵਾਰ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਹਰ ਰੋਜ਼ ਸੂਬੇ ਵਿੱਚ 18 ਤੋਂ 20 ਹਜ਼ਾਰ ਦੇ ਕਰੀਬ ਮੈਂਬਰ ਭਰਤੀ ਕੀਤੇ ਜਾ ਰਹੇ ਹਨ। ਉਨ੍ਹਾਂ ਇਸ ਗੱਲ ਦਾ ਵੀ ਖੰਡਨ ਕੀਤਾ ਕਿ ਡਿਜੀਟਲ ਵਾਲੀ ਬਹੁਤੀ ਮੈਂਬਰਸ਼ਿਪ ਸਹੀ ਨਹੀਂ ਨਿਕਲੀ।

## ਫਾਦਰ ਐਂਥਨੀ ਮਾਮਲਾ, ਮੁੰਬਈ ਤੋਂ ਆਏ ਲੋਕਾਂ ਨੇ ਜਲੰਧਰ ਹੋਟਲ ਵਿੱਚ ਘੜੀ ਸੀ ਲੁੱਟ ਦੀ ਸਾਜ਼ਿਸ਼





ਜਲੰਧਰ, 12 ਅਗਸਤ (ਪੋਸਟ ਬਿਊਰੋ)- ਈਸਾਈ ਮਿਸ਼ਨ ਦੇ ਫਾਦਰ ਐਂਥਨੀ ਦੇ ਪ੍ਰਤਾਪੁਰਾ ਵਾਲੇ ਐਫ ਐਮ ਜੇ ਹਾਊਸ ਤੋਂ 5.78 ਕਰੋੜ ਦੀ ਲੁੱਟ ਦੇ ਦੋਸ਼ੀ ਚਾਰ ਪੁਲਸ ਕਰਮੀਆਂ ਏ ਐਸ ਆਈ ਜੋਗਿੰਦਰ ਸਿੰਘ, ਰਾਜਪ੍ਰੀਤ ਸਿੰਘ, ਦਿਲਬਾਗ ਸਿੰਘ ਅਤੇ ਹੈਡ ਕਾਂਸਟੇਬਲ ਅਮਰੀਕ ਸਿੰਘ ਨੂੰ ਨੌਕਰੀ ਤੋਂ ਕੱਢਣ ਦੇ ਬਾਅਦ ਇਸ ਵਾਰਦਾਤ ਦਾ ਮੁੰਬਈ ਕੁਨੈਕਸ਼ਨ ਵੀ ਪਤਾ ਲੱਗ ਗਿਆ ਹੈ। ਦੱਸਿਆ ਜਾਂਦਾ ਹੈ ਕਿ ਇਸ ਲੁੱਟ ਦੀ ਸਾਜ਼ਿਸ਼ ਜਲੰਧਰ ਦੇ ਬੀ ਐਸ ਐਫ ਚੌਕ ਨੇੜੇ ਇਕ ਹੋਟਲ 'ਚ ਰਚੀ ਗਈ ਸੀ। ਲੁੱਟੀ ਰਕਮ ਦਾ ਬਾਕੀ ਸਵਾ ਕਰੋੜ ਲੱਭ ਰਹੀ ਏ ਐਸ ਆਈ ਟੀ (ਵਿਸ਼ੇਸ਼ਲ ਜਾਂਚ ਟੀਮ) ਨੂੰ ਇਸ ਦੇ ਸੰਬੰਧ ਵਿੱਚ ਬਹੁਤ ਸਾਰੀ ਅਹਿਮ ਜਾਣਕਾਰੀ ਮਿਲੀ ਹੈ।

ਪਤਾ ਲੱਗਾ ਹੈ ਕਿ ਲੁੱਟ ਕਾਂਡ ਦਾ ਮੁੰਬਈ ਕੁਨੈਕਸ਼ਨ ਮਿਲਣ ਪਿੱਛੋਂ ਐਸ ਆਈ ਟੀ ਨੇ ਹੋਟਲ ਤੋਂ ਰੇਡ ਦੇ ਦਿਨ ਤੋਂ ਪਹਿਲੇ ਕੁਝ ਦਿਨਾਂ ਦੀ ਸੀ ਸੀ ਟੀ ਵੀ ਫੁਟੇਜ ਵੇਖੀ ਹੈ ਤੇ ਉਨ੍ਹਾਂ ਲੋਕਾਂ ਦੀ ਜਾਂਚ ਕੀਤੀ ਹੈ, ਜੋ ਇਸ ਹੋਟਲ ਵਿੱਚ ਠਹਿਰੇ ਸਨ। ਐਸ ਆਈ ਇਸ ਮਾਮਲੇ 'ਚ ਦੋ ਪੱਖਾਂ ਤੋਂ ਜਾਂਚ ਕਰ ਰਹੀ ਹੈ। ਪਹਿਲਾ ਇਹ ਸ਼ੱਕ ਹੈ ਕਿ ਮੁੰਬਈ ਤੋਂ ਇਨ੍ਹਾਂ ਲੋਕਾਂ ਨੂੰ ਫਾਦਰ ਐਂਥਨੀ ਕੋਲ ਕਰੋੜਾਂ ਰੁਪਏ ਹੋਣ ਦੀ ਜਾਣਕਾਰੀ ਸੀ, ਜੋ ਉਨ੍ਹਾਂ ਨੇ ਏ ਐਸ ਆਈ ਜੋਗਿੰਦਰ ਸਿੰਘ, ਏ ਐਸ ਆਈ ਰਾਜਪ੍ਰੀਤ ਸਿੰਘ ਅਤੇ ਮੁਖਬਰ ਸੁਰਿੰਦਰ ਸਿੰਘ ਦੇ ਨਾਲ ਸਾਂਝੀ ਕੀਤੀ ਸੀ। ਇਸ ਜਿਸ ਦੇ ਬਾਅਦ ਇਸੇ ਹੋਟਲ 'ਚ ਲੁੱਟ ਕਾਂਡ ਦਾ ਪੂਰਾ ਖਾਕਾ ਤਿਆਰ ਕੀਤਾ ਗਿਆ ਤੇ ਫਿਰ ਪੈਸਾ ਲੁੱਟਿਆ ਗਿਆ। ਅਜੇ ਤੱਕ ਫੜੇ ਮੁਲਜ਼ਮਾਂ ਤੋਂ ਐਸ ਆਈ ਟੀ 4.57 ਕਰੋੜ ਰੁਪਏ ਜ਼ਬਤ ਕਰ ਚੁੱਕੀ ਹੈ। ਬਾਕੀ ਬਚਿਆ ਪੈਸਾ ਲੁੱਟ ਦੇ ਬਾਅਦ ਹਿੱਸੇ ਵਜੋਂ ਮੁੰਬਈ 'ਚ ਇਨ੍ਹਾਂ ਲੋਕਾਂ ਨੂੰ ਦਿੱਤਾ ਹੋਣ ਦੀ ਸੰਭਾਵਨਾ ਹੈ। ਐਸ ਆਈ ਟੀ ਨੇ ਫਾਦਰ ਐਂਥਨੀ ਦੇ ਖਿਲਾਫ ਸੀ ਐਸ ਆਰ ਫੰਡ ਦੇ ਗਲਤ ਵਰਤੋਂ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਨਾਲ ਜੁੜੇ ਕਈ ਲੋਕਾਂ ਦੀ ਜਾਂਚ ਕੀਤੀ ਜਾ ਚੁੱਕੀ ਹੈ। ਇਸ ਕੇਸ ਵਿੱਚ ਅਹਿਮ ਕੜੀ ਉਹ ਦਲਾਲ ਹੈ, ਜੋ ਛਾਪੇਮਾਰੀ ਦੇ ਮੌਕੇ ਵੀ ਫਾਦਰ ਐਂਥਨੀ ਦੇ ਘਰ ਸੀ। ਐਸ ਆਈ ਟੀ ਨੇ ਉਸ ਨੂੰ ਸੰਮਨ ਦਿੱਤਾ ਸੀ, ਪਰ ਉਹ ਜਾਂਚ ਵਾਸਤੇ ਨਹੀਂ ਆਇਆ। ਇਸ ਲਈ ਐਸ ਆਈ ਟੀ ਜਾਂਚ 'ਚ ਇਨਕਮ ਟੈਕਸ ਤੋਂ ਜੁਟਾਏ ਸਬੂਤਾਂ ਦਾ ਵੀ ਸਹਾਰਾ ਲਵੇਗੀ। ਜਾਂਚ 'ਚ ਇਹ ਪਤਾ ਲੱਗਾ ਹੈ ਕਿ ਫਾਦਰ ਐਂਥਨੀ ਤੇ ਉਨ੍ਹਾਂ ਨਾਲ ਜੁੜੇ ਚਰਚੇ ਜ਼ਰੀਏ ਚੈਰਿਟੀ ਤੋਂ ਸੀ ਐਸ ਆਰ ਫੰਡ ਨੂੰ ਰਿਸਾਈਕਲ ਕੀਤਾ ਜਾ ਰਿਹਾ ਸੀ, ਜਿਸ ਲਈ ਦਲਾਲ ਦਾ ਸਹਾਰਾ ਲਿਆ ਜਾ ਰਿਹਾ ਹੈ।

## ਰਾਜਸਥਾਨੋਂ ਅੰਮ੍ਰਿਤਸਰ ਆਈਆਂ ਪੰਜ ਲੱਖ ਭੇਡਾਂ ਜੰਮੂ-ਕਸ਼ਮੀਰ ਨਹੀਂ ਜਾ ਸਕੀਆਂ

ਅੰਮ੍ਰਿਤਸਰ, 12 ਅਗਸਤ (ਪੋਸਟ ਬਿਊਰੋ)- ਈਦ-ਉਲ-ਅਜਹਾ (ਬਕਰੀਦ) ਵਿੱਚ ਵੇਚੇ ਜਾਣ ਦੇ ਲਈ ਰਾਜਸਥਾਨ ਤੋਂ ਲਿਆਂਦੀਆਂ ਪੰਜ ਲੱਖ ਭੇਡਾਂ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਇਨ੍ਹਾਂ ਨੂੰ ਅੰਮ੍ਰਿਤਸਰ ਦੀ ਬਕਰ ਮੰਡੀ ਤੋਂ ਜੰਮੂ-ਕਸ਼ਮੀਰ ਭੇਜਿਆ ਜਾਣਾ ਸੀ, ਪਰ ਉਥੇ ਧਾਰਾ 370 ਅਤੇ 35-ਏ ਵਾਲਾ ਵਿਸ਼ੇਸ਼ ਦਰਜਾ ਹਟਾਏ ਜਾਣ ਦੇ ਕਾਰਨ ਪੈਦਾ ਹੋਏ ਹਾਲਾਤ ਕਾਰਨ ਅੱਗੇ ਸਪਲਾਈ ਨਹੀਂ ਕੀਤੀ ਜਾ ਸਕੀ। ਇਸ ਮਹਾਨਗਰ ਦੀ ਬਕਰ ਮੰਡੀ ਵਿੱਚ ਕਰੀਬ ਚਾਲੀ ਸਾਲਾਂ ਤੋਂ ਕੰਮ ਕਰਨ ਵਾਲੇ ਤਰਲੋਕ ਚੰਦ ਨੇ ਦੱਸਿਆ ਕਿ ਰਾਜਸਥਾਨ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਭੇਡਾਂ-ਬਕਰੀਆਂ ਦੀ ਸਪਲਾਈ ਇਸ ਮੰਡੀ ਵਿੱਚ ਹੁੰਦੀ ਹੈ। ਉਥੋਂ ਦੇ ਕਾਰੋਬਾਰੀ ਇਨ੍ਹਾਂ ਨੂੰ ਟਰੱਕਾਂ ਵਿੱਚ ਭਰ ਕੇ ਲਿਆਉਂਦੇ ਹਨ। ਆਮ ਦਿਨਾਂ ਵਿੱਚ ਅੰਮ੍ਰਿਤਸਰ ਤੇ ਆਸਪਾਸ ਦੇ ਜ਼ਿਲ੍ਹਿਆਂ ਦੇ ਲਈ ਵੀ ਥੋੜ੍ਹਾ-ਬਹੁਤ ਮਾਲ ਆਉਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਕਰੀਦ ਵਰਗੇ ਤਿਉਹਾਰ ਮੌਕੇ 'ਤੇ ਇਸੇ ਮੰਡੀ ਵਿੱਚੋਂ ਜੰਮੂ-ਕਸ਼ਮੀਰ ਲਈ ਮਾਲ ਸਪਲਾਈ ਹੁੰਦਾ ਹੈ ਅਤੇ ਇਸ ਲਈ ਇੱਕ ਹਫਤਾ ਪਹਿਲਾਂ ਤੋਂ ਕਾਰੋਬਾਰੀ ਮਾਲ ਇਥੇ ਲਿਆਉਣਾ ਸ਼ੁਰੂ ਕਰ ਦਿੰਦੇ ਹਨ, ਪਰ ਇਸ ਵਾਰ ਜੰਮੂ-ਕਸ਼ਮੀਰ ਦੇ ਹਾਲਾਤ ਕਾਰਨ ਨਾ ਓਥੋਂ ਕੋਈ ਖਰੀਦਾਰ ਆਇਆ ਅਤੇ ਨਾ ਹੀ ਏਥੋਂ ਕਿਸੇ ਨੇ ਸਪਲਾਈ ਕਰਨ ਦੀ ਹਿੰਮਤ ਕੀਤੀ ਹੈ। ਗੰਗਾਨਗਰ ਤੋਂ ਆਏ ਵਪਾਰੀ ਸੁਨੀਲ ਕੁਮਾਰ ਨੇ ਦੱਸਿਆ ਕਿ ਇਸ ਵਾਰ ਉਨ੍ਹਾਂ ਦੇ ਰਾਜਸਥਾਨ ਤੋਂ ਪੰਜ ਲੱਖ ਭੇਡਾਂ ਲਿਆਂਦੀਆਂ ਗਈਆਂ ਸਨ। ਗ੍ਰਾਹਕ ਨਾ ਆਉਣ ਕਾਰਨ ਕੱਲ੍ਹ ਰਾਤ ਤੱਕ ਸਾਰੇ ਆਪਣਾ ਮਾਲ ਲੈ ਕੇ ਪਰਤ ਗਏ।

## ਪਰਾਲੀ ਸਾੜਨੀ ਰੋਕਣ ਲਈ ਕਿਸਾਨਾਂ ਨੂੰ ਸਰਕਾਰ 28000 ਤੋਂ ਵੱਧ ਖੇਤੀ ਮਸ਼ੀਨਾਂ ਦੇਵੇਗੀ



ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਪੰਜਾਬ ਨੂੰ ਪਰਾਲੀ ਸਾੜਨ ਤੋਂ ਬਚਾਉਣ ਲਈ ਪੰਜਾਬ ਖੇਤੀਬਾੜੀ ਵਿਭਾਗ ਨੇ ਮੌਜੂਦਾ ਸਾਲ ਦੇ ਪਹਿਲੇ ਪੜਾਅ ਵਿੱਚ ਕਿਸਾਨਾਂ ਨੂੰ 28000 ਤੋਂ ਵੱਧ ਖੇਤੀ ਮਸ਼ੀਨਾਂ/ ਸੰਦ ਪੁਚਾਉਣ ਲਈ ਵੱਡੇ ਪੱਧਰ 'ਤੇ ਮੁਹਿੰਮ ਸ਼ੁਰੂ ਕਰ ਦਿੱਤੀ ਹੈ। 278 ਕਰੋੜ ਰੁਪਏ ਦੀ ਸਬਸਿਡੀ ਨਾਲ ਦਿੱਤੇ ਜਾ ਰਹੇ ਇਹ ਖੇਤੀ ਸੰਦ ਫਸਲ ਦੀ ਰਹਿੰਦ-ਖੂੰਹਦ ਨੂੰ ਖੇਤਾਂ 'ਚ ਹੀ ਖਪਾਉਣ ਲਈ ਸਹਾਈ ਹੋਣਗੇ।

ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕਿਸਾਨਾਂ ਨੂੰ ਖੇਤੀ ਸੰਦਾਂ ਉਤੇ 50 ਫੀਸਦੀ ਤੋਂ ਲੈ ਕੇ ਅੱਸੀ ਫੀਸਦੀ ਤੱਕ ਸਬਸਿਡੀ ਦਿੱਤੀ ਜਾ ਰਹੀ ਹੈ, ਜਿਸ ਦੌਰਾਨ ਸਹਿਕਾਰੀ ਸਭਾਵਾਂ ਤੇ ਕਿਸਾਨ ਗਰੁੱਪਾਂ ਨੂੰ ਅੱਸੀ ਫੀਸਦੀ ਅਤੇ ਕਿਸਾਨਾਂ ਨੂੰ ਨਿੱਜੀ ਤੌਰ 'ਤੇ ਪੰਜਾਹ ਫੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ। ਸੂਬਾ ਸਰਕਾਰ ਨੇ ਕਿਸਾਨਾਂ ਨੂੰ ਵਧੀਆ ਦਰਜੇ ਦੀ ਖੇਤੀ ਮਸ਼ੀਨਰੀ ਦੇਣ ਬਾਰੇ ਸੋਚਿਆ ਹੈ, ਜਿਸ ਵਿੱਚ ਸੁਪਰ ਐਸ ਐਮ ਐਸ, ਹੈਪੀ ਸੀਡਰ, ਪੈਡੀ ਸਟਰਾਅ ਚੌਪਰ/ ਸ਼ਰੈਡਰ/ ਮਲਚਰ ਹਾਈਡਰੋਲਿਕ ਰਿਵਰਸੀਬਲ ਮੋਲਡ ਬੋਰਡ ਪਲੌਅ ਅਤੇ ਜ਼ੀਰੋ ਟਿਲ ਡਰਿੱਲ ਮਸ਼ੀਨਾਂ ਸ਼ਾਮਲ ਹਨ। ਖੇਤੀ ਵਿਭਾਗ ਦੇ ਸਕੱਤਰ ਕਾਹਨ ਸਿੰਘ ਪਨੂੰ ਨੇ ਦੱਸਿਆ ਕਿ ਸਬਸਿਡੀ 'ਤੇ ਮਸ਼ੀਨਰੀ ਲਈ ਕਿਸਾਨਾਂ ਨੂੰ ਪੰਜਾਹ ਫੀਸਦੀ ਸਬਸਿਡੀ 'ਤੇ 15000 ਮਸ਼ੀਨਾਂ ਦਿੱਤੀਆਂ ਜਾ ਰਹੀਆਂ ਹਨ ਤੇ 2200 ਕਿਸਾਨ ਗਰੁੱਪਾਂ/ ਸਹਿਕਾਰੀ ਸਭਾਵਾਂ ਨੂੰ ਫਾਰਮ ਮਸ਼ੀਨਰੀ ਬੈਂਕ ਬਣਾ ਕੇ ਕਸਟਮ ਹਾਇਰਿੰਗ ਸੈਂਟਰ ਵਜੋਂ ਵਰਤਣ ਲਈ ਅੱਸੀ ਫੀਸਦੀ ਸਬਸਿਡੀ 'ਤੇ 13000 ਮਸ਼ੀਨਾਂ ਦਿੱਤੀਆਂ ਜਾ ਰਹੀਆਂ ਹਨ। ਕਿਸਾਨਾਂ ਨੂੰ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਉਣ ਲਈ ਖੇਤੀਬਾੜੀ ਵਿਭਾਗ 15 ਸਤੰਬਰ 2019 ਤੋਂ ਪਹਿਲਾਂ ਕਿਸਾਨਾਂ ਤੱਕ ਮਸ਼ੀਨਰੀ ਪਹੁੰਚਾਉਣ ਦਾ ਟੀਚਾ ਹਾਸਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

## ਆਰ ਟੀ ਆਈ ਨਾਲ ਕਲੋਜ਼ਰ ਰਿਪੋਰਟਾਂ ਬਾਰੇ ਮੋਗਾ ਪੁਲਸ ਦੀ ਪੋਲ ਖੁੱਲ੍ਹੀ




ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਚਰਚਿਤ ਰਹਿਣ ਵਾਲੀ ਪੰਜਾਬ ਪੁਲਸ ਦਾ ਇੱਕ ਕਿੱਸਾ ਸੂਚਨਾ ਅਧਿਕਾਰ ਐਕਟ ਦੇ ਤਹਿਤ ਮੰਗੀ ਜਾਣਕਾਰੀ ਨਾਲ ਸਾਹਮਣੇ ਆਇਆ ਹੈ। ਆਰ ਟੀ ਆਈ ਐਕਟੀਵਿਸਟ ਐਡਵੋਕੇਟ ਐੱਚ ਸੀ ਅਰੋੜਾ ਨੇ ਸੂਚਨਾ ਅਧਿਕਾਰ ਐਕਟ ਦੇ ਤਹਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਪੁਲਸ ਮੁਖੀਆਂ ਵੱਲੋਂ ਵੱਖ-ਵੱਖ ਥਾਣਿਆਂ ਵਿੱਚ ਦਰਜ ਕੇਸਾਂ ਦੀ ਜਾਂਚ ਤੋਂ ਬਾਅਦ ਅਨਟਰੇਸ ਅਤੇ ਕਲੋਜ਼ਰ ਰਿਪੋਰਟਾਂ ਦੀ ਜਾਣਕਾਰੀ ਮੰਗੀ ਅਤੇ ਇਹ ਵੀ ਪੁੱਛਿਆ ਸੀ ਕਿ ਅਜਿਹੇ ਮਾਮਲਿਆਂ 'ਚ ਜੁੜੀ ਹੋਈ ਅਨਟਰੇਸ ਜਾਂ ਕਲੋਜ਼ਰ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਗਈ ਜਾਂ ਨਹੀਂ। ਅਰੋੜਾ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਰਫ ਮੋਗਾ ਜ਼ਿਲ੍ਹੇ ਤੋਂ ਇਹ ਜਾਣਕਾਰੀ ਮਿਲੀ ਹੈ, ਜਿਸ ਦਾ ਨਤੀਜਾ ਹੈਰਾਨੀ ਵਾਲਾ ਹੈ। ਜ਼ਿਲ੍ਹਾ ਪੁਲਸ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਵਿੱਚ ਦਰਜ ਕੇਸਾਂ ਦੀ ਜਾਂਚ ਤੋਂ ਬਾਅਦ 215 ਕੇਸਾਂ ਵਿੱਚ ਅਨਟਰੇਸ ਅਤੇ 170 ਕੇਸਾਂ ਵਿੱਚ ਕਲੋਜ਼ਰ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੇ ਜਾਣੀ ਰਹਿੰਦੀ ਹੈ। ਇਨ੍ਹਾਂ 'ਚੋਂ ਜ਼ਿਆਦਾਤਰ 'ਤੇ ਉਚ ਅਧਿਕਾਰੀਆਂ ਦੀ ਸਹਿਮਤੀ ਵੀ ਲਈ ਜਾ ਚੁੱਕੀ ਹੈ। ਅਰੋੜਾ ਨੇ ਜਾਂਚ ਦੌਰਾਨ ਪਾਇਆ ਕਿ ਇਨ੍ਹਾਂ 385 ਕੇਸਾਂ ਵਿੱਚੋਂ 76 ਅਜਿਹੇ ਹਨ, ਜਿਨ੍ਹਾਂ ਉਤੇ ਦਸ ਸਾਲ ਤੋਂ ਵੱਧ ਸਮਾਂ ਪਹਿਲਾਂ ਜਾਂਚ ਪੂਰੀ ਹੋ ਗਈ ਸੀ, ਪਰ ਅਨਟਰੇਸ ਜਾਂ ਕਲੋਜ਼ਰ ਰਿਪੋਰਟ ਅਦਾਲਤੇ ਪੇਸ਼ ਨਹੀਂ ਕੀਤੀ ਗਈ। ਇਸ ਤਰ੍ਹਾਂ ਜਾਂਚ 'ਚ ਨਿਰਦੋਸ਼ ਪਾਏ ਗਏ ਦੋਸ਼ੀ ਦੇ ਸਿਰ 'ਤੇ ਜਾਣਬੁੱਝ ਕੇ ਖਤਰੇ ਦੀ ਤਲਵਾਰ ਲਟਕਾਈ ਰੱਖੀ ਹੈ ਤਾਂ ਕਿ ਭ੍ਰਿਸ਼ਟਾਚਾਰ ਦੀ ਸੰਭਾਵਨਾ ਰਹੇ। ਇਸ ਤਰ੍ਹਾਂ ਝੂਠੇ ਕੇਸਾਂ 'ਚ ਫਸਾਏ ਲੋਕਾਂ ਨੂੰ ਅਨਟਰੇਸ ਜਾਂ ਕਲੋਜ਼ਰ ਰਿਪੋਰਟ ਅਦਾਲਤ ਵਿੱਚ ਪੇਸ਼ ਨਾ ਹੋਣ ਕਾਰਨ ਨਿਆਂ ਨਹੀਂ ਮਿਲਦਾ, ਸਗੋਂ ਪਾਸਪੋਰਟ ਲਈ ਅਪਲਾਈ ਕਰਨਾ ਜਾਂ ਨੌਕਰੀ ਲਈ ਪੁਲਸ ਦੀ ਕਲੀਅਰੈਂਸ ਪ੍ਰਾਪਤ ਕਰਨ 'ਚ ਵੀ ਪ੍ਰੇਸ਼ਾਨੀ ਹੁੰਦੀ ਹੈ।

## ਢੌਂਗੀ ਬਾਬਾ 'ਕੋਈ ਕਮੀਂ ਨਹੀਂ ਰਹੇਗੀ' ਕਹਿ ਕੇ ਗਹਿਣਿਆਂ ਨਾਲ ਗਾਇਬ ਹੋ ਗਿਆ

ਹੁਸ਼ਿਆਰਪੁਰ, 12 ਅਗਸਤ (ਪੋਸਟ ਬਿਊਰੋ)- ਇੱਕ ਮਹਿਲਾ ਨੂੰ ਭਰਮਾ ਕੇ ਉਸ ਕੋਲੋਂ 55 ਗਰਾਮ ਸੋਨੇ ਦੀਆਂ ਚਾਰ ਚੂੜੀਆਂ ਤੇ ਛੇ ਗਰਾਮ ਅੰਗੂਠੀ ਲੈ ਜਾਣ ਦੇ ਦੋਸ਼ ਵਿੱਚ ਥਾਣਾ ਸਿਟੀ ਪੁਲਸ ਨੇ ਤਿੰਨ ਜਣਿਆਂ ਉੱਤੇ ਕੇਸ ਦਰਜ ਕੀਤਾ ਹੈ। ਦੋਸ਼ੀਆਂ ਵਿੱਚ ਇੱਕ ਮਹਿਲਾ ਵੀ ਹੈ। ਪੁਲਸ ਨੇ ਇਹ ਕੇਸ ਅਰਵਿੰਦਰ ਕੌਰ ਪਤਨੀ ਰਵਿੰਦਰਜੀਤ ਸਿੰਘ ਵਾਸੀ ਕੋਤਵਾਲੀ ਬਾਜ਼ਾਰ ਦੇ ਬਿਆਨ 'ਤੇ ਦਰਜ ਕੀਤਾ ਹੈ ਅਤੇ ਅਗਲੀ ਜਾਂਚ ਕਰ ਰਹੀ ਹੈ। ਅਰਵਿੰਦਰ ਕੌਰ ਨੇ ਦੱਸਿਆ ਕਿ ਉਹ ਕੋਤਵਾਲੀ ਬਾਜ਼ਾਰ ਵਿੱਚ ਰਹਿੰਦੀ ਹੈ ਅਤੇ ਬੀਤੇ ਸ਼ਨੀਵਾਰ ਦੁਪਹਿਰ ਕਰੀਬ ਤਿੰਨ ਵਜੇ ਆਪਣੇ ਪੋਤਰੇ ਨੂੰ ਸਕੂਲ ਬਸ ਤੋਂ ਲੈਣ ਲਈ ਘੰਟਾਘਰ ਨੇੜਲੀ ਪਾਰਕਿੰਗ ਕੋਲ ਖੜ੍ਹੀ ਸੀ। ਇਸ ਦੌਰਾਨ ਇੱਕ ਮਹਿਲਾ ਉਸ ਕੋਲ ਆਈ ਅਤੇ ਕਹਿਣ ਲੱਗੀ ਕਿ ਮਾਤਾ ਜੀ, ਕੀ ਤੁਸੀਂ ਗੁਰਦੁਆਰਾ ਸਾਹਿਬ ਰੋਜ਼ ਜਾਂਦੇ ਹੋ। ਉਸ ਨੇ ਹਾਂ ਵਿੱਚ ਜਵਾਬ ਦੇ ਦਿੱਤਾ ਤਾਂ ਮਹਿਲਾ ਨੇ ਉਸ ਨਾਲ ਗੱਲ ਅੱਗੇ ਵਧਾ ਲਈ। ਉਹ ਕੁਝ ਦੇਰ ਗੱਲਾਂ ਕਰਦੀ ਰਹੀ ਅਤੇ ਇਸ ਦੌਰਾਨ ਦੋ ਵਿਅਕਤੀ ਆ ਗਏ ਅਤੇ ਮਹਿਲਾ ਨੇ ਉਨ੍ਹਾਂ ਨੂੰ ਦੇਖ ਕੇ ਮੱਥਾ ਟੇਕਿਆ ਤੇ ਅਰਵਿੰਦਰ ਕੌਰ ਨੂੰ ਕਿਹਾ ਕਿ ਮਾਤਾ ਜੀ ਤੁਹਾਡੀ ਕਿਸਮਤ ਬੜੀ ਤੇਜ਼ ਹੈ, ਇਹ ਬਾਬਾ ਜੀ ਬਹੁਤ ਪਹੁੰਚੇ ਹੋਏ ਹਨ, ਇਨ੍ਹਾਂ ਦੇ ਦਰਸ਼ਨ ਹੀ ਬੜੀ ਕਿਸਮਤ ਨਾਲ ਹੁੰਦੇ ਹਨ। ਉਸ ਨੇ ਉਸ ਨੂੰ ਝਾਂਸੇ ਵਿੱਚ ਲੈ ਲਿਆ। ਇਸੇ ਦੌਰਾਨ ਬਾਬਾ ਜੀ ਦੇ ਕੋਲ ਖੜ੍ਹੇ ਚੇਲੇ ਰੂਪੀ ਦੂਸਰੇ ਸਾਥੀ ਨੇ ਕਿਹਾ ਕਿ ਬਾਬਾ ਜੀ ਤੁਹਾਡੀਆਂ ਚੂੜੀਆਂ ਮੰਤਰ ਕੇ ਦੇਣਗੇ ਤੇ ਘਰ ਵਿੱਚ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹੇਗੀ। ਅਰਵਿੰਦਰ ਕੌਰ ਨੇ ਦੱਸਿਆ ਕਿ ਉਸ ਨੂੰ ਕੁਝ ਪਤਾ ਨਹੀਂ ਲੱਗਾ ਤੇ ਜਿਵੇਂ ਉਨ੍ਹਾ ਕਿਹਾ, ਉਸ ਨੇ ਉਹੋ ਕੁਝ ਕੀਤਾ ਹੋਵੇਗਾ ਤੇ ਉਸ ਨੇ ਸੋਨੇ ਦੀਆਂ ਚੂੜੀਆਂ ਤੇ ਅੰਗੂਠੀ ਉਤਰਾ ਕੇ ਦੇ ਦਿੱਤੀ, ਜਿਹੜੀ ਬਾਬੇ ਨੇ ਇੱਕ ਰੁਮਾਲ ਵਿੱਚ ਬੰਨ੍ਹ ਕੇ ਕੁਝ ਮੰਤਰ ਫੂਕ ਕੇ ਉਸ ਨੇ ਚੂੜੀਆਂ ਵਾਲਾ ਰੁਮਾਲ ਵਾਪਸ ਕਰ ਦਿੱਤਾ। ਜਦ ਤੱਕ ਉਹ ਸੰਭਲਦੀ, ਤਦ ਤੱਕ ਸਾਰੇ ਖਿਸਕ ਚੁੱਕੇ ਸਨ। ਉਨ੍ਹਾਂ ਨੇ ਕੱਪੜਾ ਖੋਲ੍ਹਣ ਤੋਂ ਮਨ੍ਹਾ ਕੀਤਾ ਸੀ, ਪਰ ਉਹ ਉਨ੍ਹਾਂ ਦਾ ਇਰਾਦਾ ਭਾਂਪ ਚੁੱਕੀ ਸੀ, ਉਸ ਨੇ ਰੁਮਾਲ ਫੜਦੇ ਹੀ ਖੋਲ੍ਹ ਲਿਆ ਅਤੇ ਉਸ ਵਿੱਚ ਚੂੜੀਆਂ ਨਹੀਂ ਸਨ। ਉਸ ਨੇ ਰੌਲਾ ਪਾਇਆ, ਪਰ ਉਹ ਮੌਕੇ ਤੋਂ ਫਰਾਰ ਹੋ ਗਏ ਸਨ।

## ਹਸਪਤਾਲ ਵਿੱਚ ਨਵ ਜਨਮੇ ਬੱਚਿਆਂ ਦੀ ਅਦਲਾ ਬਦਲੀ ਦਾ ਰੌਲਾ



ਅੰਮ੍ਰਿਤਸਰ, 12 ਅਗਸਤ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਹਸਪਤਾਲ (ਜੀ ਐਨ ਡੀ ਐਚ) ਵਿੱਚ ਨਵ ਜੰਮੇ ਬੱਚਿਆਂ ਦੀ ਅਦਲਾ ਬਦਲੀ ਦਾ ਰੌਲਾ ਪੈਣ ਦਾ ਮਾਮਲਾ ਸਾਹਮਣੇ ਆਇਆ ਹੈ।

ਇੱਕ ਪਰਵਾਰ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਮਰੀਜ਼ ਦੀ ਡਿਲਿਵਰੀ ਦੇ ਬਾਅਦ ਲੜਕਾ ਦੱਸ ਕੇ ਲੇਬਰ ਰੂਮ ਦੀ ਇਕ ਕਰਮਚਾਰੀ ਨੇ ਵਧਾਈ ਵੀ ਲੈ ਲਈ, ਪਰ ਜਦ ਉਨ੍ਹਾਂ ਨੂੰ ਬੱਚਾ ਦਿੱਤਾ ਤਾਂ ਉਹ ਲੜਕੀ ਸੀ। ਹਸਪਤਾਲ ਪ੍ਰਸ਼ਾਸਨ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਦੂਸਰੇ ਪਾਸੇ ਪੀੜਤ ਪਰਵਾਰ ਨੇ ਬੱਚੇ ਦਾ ਡੀ ਐਨ ਏ ਟੈਸਟ ਕਰਵਾਉਣ ਦੀ ਮੰਗ ਕੀਤੀ ਹੈ। ਪਤਾ ਲੱਗਾ ਹੈ ਕਿ ਕਿਲਾ ਦਰਸ਼ਨ ਸਿੰਘ ਬਟਾਲਾ ਦੀ ਗਰਭਵਤੀ ਨੀਲਮ ਪਤਨੀ ਗੁਰਪ੍ਰੀਤ ਚੰਦ ਨੂੰ ਪਰਸੋਂ ਜਣੇਪੇ ਲਈ ਗੁਰੂ ਨਾਨਕ ਦੇਵ ਹਸਪਤਾਲ ਹੇਠ ਚੱਲਦੇ ਮਦਰ ਐਂਡ ਚਾਈਲਡ ਕੇਅਰ ਸੈਂਟਰ ਵਿੱਚ ਦਾਖਲ ਕਰਾਇਆ ਸੀ। ਕੱਲ੍ਹ ਬਾਅਦ ਦੁਪਹਿਰ 3.20 ਵਜੇ ਨੀਲਮ ਨੂੰ ਬੱਚਾ ਪੈਦਾ ਹੋਇਆ। ਨੀਲਮ ਦੇ ਪਤੀ ਗੁਰਪ੍ਰੀਤ ਚੰਦ ਨੇ ਦੱਸਿਆ ਕਿ ਲੇਬਰ ਰੂਮ ਤੋਂ ਆਈ ਇਕ ਸੇਵਾਦਾਰ ਔਰਤ ਅਤੇ ਨਰਸ ਨੇ ਦੱਸਿਆ ਉਨ੍ਹਾਂ ਦੇ ਬੇਟਾ ਹੋਇਆ ਹੈ ਅਤੇ ਉਸ ਦੀ ਵਧਾਈ ਵੀ 500 ਰੁਪਏ ਲੈ ਗਈਆਂ ਅਤੇ ਬੱਚੇ ਨੂੰ ਦਿਖਾ ਕੇ ਉਸ ਨੂੰ ਦੁਬਾਰਾ ਲੇਬਰ ਰੂਮ ਵਿੱਚ ਲੈ ਗਈਆਂ। ਫਿਰ ਨੀਲਮ ਦੀ ਹਾਲਤ ਗੰਭੀਰ ਹੋ ਗਈ ਅਤੇ ਸਾਰੇ ਪਰਵਾਰਕ ਮੈਂਬਰ ਉਸ ਵੱਲ ਧਿਆਨ ਦੇਣ ਲੱਗੇ। ਕੁਝ ਘੰਟੇ ਬਾਅਦ ਬੱਚੇ ਨੂੰ ਕੱਪੜੇ ਪਵਾ ਕੇ ਸਟਾਫ ਨੇ ਉਨ੍ਹਾਂ ਨੂੰ ਵਾਪਸ ਦੇ ਦਿੱਤਾ। ਇਸ ਦੌਰਾਨ ਬੱਚੇ ਨੇ ਪੇਸ਼ਾਬ ਕੀਤਾ ਤਾਂ ਉਸ ਦੀ ਦਾਦੀ ਨੇ ਕੱਪੜਾ ਲਾਹ ਕੇ ਸਾਫ ਕਰਨਾ ਚਾਹਿਆ ਤਾਂ ਉਹ ਲੜਕੀ ਸੀ। ਇਸ ਦੇ ਬਾਅਦ ਉਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

## ਕੈਮੀਕਲ ਨਕਲੀ ਸ਼ਰਾਬ ਬਣਾਉਣ ਦੀ ਸਮੱਗਰੀ ਫੜ੍ਹੀ ਗਈ

*** 71 ਡਰੰਮ ਕੈਮੀਕਲ, ਸਟਿੱਕਰ ਤੇ ਖਾਲੀ ਬੋਤਲਾਂ ਸਣੇ ਪੰਜ ਗ੍ਰਿਫਤਾਰ**



ਬਨੂੜ, 12 ਅਗਸਤ (ਪੋਸਟ ਬਿਊਰੋ)- ਐਕਸਾਈਜ਼ ਵਿਭਾਗ ਨੇ ਪਟਿਆਲਾ ਪੁਲਸ ਨਾਲ ਮਿਲ ਕੇ ਬਨੂੜ ਨੇੜਲੇ ਪਿੰਡ ਬੱਸੀ ਈਸੇ ਖਾਂ ਦੇ ਪਲਾਟ ਵਿੱਚ ਟੀਨਾਂ ਦੇ ਸ਼ੈਡਾਂ ਵਿੱਚੋਂ ਨਕਲੀ ਸ਼ਰਾਬ ਬਣਾਉਣ ਦੀ ਸਮੱਗਰੀ ਦਾ ਵੱਡਾ ਜ਼ਖੀਰਾ ਬਰਾਮਦ ਕੀਤਾ ਹੈ। ਪੁਲਸ ਨੇ ਅਜੇ ਪੁਸ਼ਟੀ ਨਹੀਂ ਕੀਤੀ ਕਿ ਇਥੇ ਨਕਲੀ ਸ਼ਰਾਬ ਤਿਆਰ ਹੁੰਦੀ ਸੀ ਜਾਂ ਨਹੀਂ। ਚਾਰਦੀਵਾਰੀ ਕੀਤੇ ਹੋਏ ਵੱਡੇ ਪਲਾਟ ਦੇ ਗੇਟ ਉੱਤੇ 'ਪਲਾਟ ਵਿਕਾਊ ਹੈ' ਦਾ ਬੋਰਡ ਵੀ ਟੰਗਿਆ ਹੋਇਆ ਹੈ। ਐਕਸਾਈਜ਼ ਵਿਭਾਗ ਦੇ ਏ ਆਈ ਜੀ ਗੁਰਚੈਨ ਸਿੰਘ ਧਨੋਆ ਨੇ ਦੱਸਿਆ ਕਿ 10 ਅਗਸਤ ਨੂੰ ਐਕਸਾਈਜ਼ ਤੇ ਪੁਲਸ ਦੀ ਸਾਂਝੀ ਟੀਮ ਨੇ ਰਾਜਪੁਰਾ ਨੇੜਲੇ ਪਿੰਡ ਭੋਗਲਾਂ ਦੇ ਬੰਦ ਪਏ ਸ਼ੈਲਰ ਵਿੱਚੋਂ 370 ਪੇਟੀਆਂ ਸ਼ਰਾਬ, ਲੇਬਲ ਤੇ ਹੋਲੋਗ੍ਰਾਮ ਬਰਾਮਦ ਕੀਤੇ ਸਨ। ਇਸ ਬਾਰੇ ਜਤਿੰਦਰ ਚਲਾਣਾ ਵਾਸੀ ਗੁਰੂਗ੍ਰਾਮ, ਰਾਮ ਪ੍ਰਸ਼ਾਦ, ਸੌਰਵ ਵਾਸੀ ਪਟਿਆਲਾ ਨੂੰ ਗ੍ਰਿਫਤਾਰ ਕੀਤਾ ਸੀ। ਪੁੱਛਗਿੱਛ ਦੌਰਾਨ ਇਹ ਮਾਮਲਾ ਸਾਹਮਣੇ ਆਇਆ ਤੇ ਟੀਮਾਂ ਨੇ ਛਾਪਾ ਮਾਰ ਕੇ ਉਕਤ ਸਾਮਾਨ ਬਰਾਮਦ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁਲਸ ਨੇ ਈਸੇ ਖਾਂ ਦੇ ਪਟਿਆਲਾ ਢਾਬਾ ਤੇ ਝਿਲਮਿਲ ਢਾਬੇ 'ਤੇ ਛਾਪਾ ਮਾਰਿਆ ਤਾਂ ਝਿਲਮਿਲ ਢਾਬੇ ਤੋਂ ਪੰਜ ਕੈਮੀਕਲ ਅਤੇ ਦੋ ਸਪਿਰਟ ਦੇ ਡਰੰਮ ਮਿਲੇ। ਉਨ੍ਹਾਂ ਦੱਸਿਆ ਕਿ ਬਸੀ ਈਸੇ ਖਾਂ ਦਾ ਸ਼ੈਡ ਪਟਿਆਲਾ ਢਾਬੇ ਦਾ ਸਟੋਰ ਹੈ। ਦੋਵੇਂ ਥਾਵਾਂ ਤੋਂ ਪੁਲਸ ਨੇ 47 ਸਪਿਰਟ ਤੇ 24 ਕੈਮੀਕਲ ਦੇ ਡਰੰਮ ਬਰਾਮਦ ਕੀਤੇ। ਏਥੋਂ ਨਕਲੀ ਸ਼ਰਾਬ ਤਿਆਰ ਕਰਨ ਵਾਲੀ ਹੋਰ ਸਮੱਗਰੀ ਸਮੇਤ ਰਸੀਲਾ ਸੰਤਰਾ ਸ਼ਰਾਬ ਦੇ ਲੇਬਲ, ਹੋਲੋਗ੍ਰਾਮ, ਖਾਲੀ ਬੋਤਲਾਂ ਤੇ ਕੁਝ ਵਾਹਨ ਜ਼ਬਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਇਹ ਸਮੱਗਰੀ ਅੰਮ੍ਰਿਤਸਰ ਤੇ ਤਰਨ ਤਾਰਨ ਆਦਿ ਦੇ ਸਰਹੱਦੀ ਖੇਤਰਾਂ ਵਿੱਚ ਨਕਲੀ ਸ਼ਰਾਬ ਬਣਾਉਣ ਦੀ ਵਰਤੋਂ ਲਈ ਵੇਚੀ ਜਾਂਦੀ ਸੀ। ਇਸ ਮਾਮਲੇ ਵਿੱਚ ਨੌਂ ਜਣਿਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਪਟਿਆਲਾ ਢਾਬੇ ਦੇ ਮਾਲਕ ਜਗਤਾਰ ਸਿੰਘ ਵਾਸੀ ਸੇਖਨਮਾਜਰਾ, ਝਿਲਮਿਲ ਢਾਬੇ ਦੇ ਮਾਲਕ ਸੰਗਤ ਸਿੰਘ ਵਾਸੀ ਜੰਗ-ਪੁਰਾ, ਜਗਦੀਪ ਸਿੰਘ ਦੀਪਾ ਵਾਸੀ ਸੇਖਨਮਾਜਰਾ, ਪ੍ਰਦੀਪ ਸਿੰਘ ਵਾਸੀ ਖਾਨਪੁਰ ਅਤੇ ਕੁਲਦੀਪ ਸਿੰਘ ਵਾਸੀ ਬੁੱਢਣਪੁਰ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਜਗਤਾਰ ਸਿੰਘ ਦਵਿੰਦਰ ਸਿੰਘ ਪਵਨ ਗੁਪਤਾ ਅਤੇ ਪਰਮਜੀਤ ਸਿੰਘ ਫਰਾਰ ਹਨ, ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇ ਜਾਰੀ ਹਨ।

## ਕੈਪਟਨ ਅਮਰਿੰਦਰ ਨੇ ਪਾਕਿ ਨੂੰ ਕਰਤਾਰਪੁਰ ਦੇ ਲਾਂਘੇ ਲਈ ਵਚਨਬੱਧ ਰਹਿਣ ਨੂੰ ਕਿਹਾ

ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਤੱਕ ਦੇ ਲਾਂਘੇ ਲਈ ਪਾਕਿਸਤਾਨ ਵਿੱਚ ਸਰਗਰਮੀ ਰਫਤਾਰ ਮੱਠੀ ਹੋਣ ਉਤੇ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਆਂਢੀ ਦੇਸ਼ ਨੂੰ ਵਚਨਬੱਧਤਾ ਉੱਤੇ ਪਹਿਰਾ ਦੇਣ ਲਈ ਕਿਹਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਇਹ ਬਿਆਨ ਕਰਤਾਰਪੁਰ ਲਾਂਘੇ ਬਾਰੇ ਫੈਸਲਿਆਂ ਨੂੰ ਅੰਤਮ ਰੂਪ ਦੇਣ ਲਈ ਮੀਟਿੰਗਾਂ ਕਰਨ ਵਾਸਤੇ ਭਾਰਤ ਵੱਲੋਂ ਪਾਕਿਸਤਾਨ ਨੂੰ ਭੇਜੇ ਯਾਦ ਪੱਤਰ ਦੀਆਂ ਰਿਪੋਰਟਾਂ ਪਿੱਛੋਂ ਆਇਆ ਹੈ। ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਲਈ ਮਸਾਂ ਤਿੰਨ ਮਹੀਨੇ ਬਾਕੀ ਹਨ ਤਾਂ ਇਸ ਸਮੇਂ ਪ੍ਰਾਜੈਕਟ ਦੇ ਵਿਕਾਸ ਦੀ ਰਫਤਾਰ ਹੌਲੀ ਹੋਣ ਨਾਲ ਇਹ ਪ੍ਰਾਜੈਕਟ ਅਧੂਰਾ ਰਹਿ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਰੋਕ ਪਾਕਿਸਤਾਨ ਨਾਲ ਲਾਂਘਾ ਚਾਲੂ ਕਰਨ ਵਿੱਚ ਅੜਿੱਕਾ ਬਣੇਗੀ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਵੱਲੋਂ ਭਾਰਤ ਨਾਲ ਵਪਾਰ ਦੀ ਗਰੀਬਾਂ ਲਈ ਵੱਡਾ ਆਰਥਿਕ ਨੁਕਸਾਨ ਹੋਵੇਗੀ ਅਤੇ ਵਪਾਰ ਰੁਕਣ ਨਾਲ ਦੋਵਾਂ ਪਾਸਿਆਂ ਵੱਲ ਵਪਾਰਕ ਬੁਨਿਆਦੀ ਢਾਂਚੇ ਨਾਲ ਜੁੜੇ ਹੋਏ ਹਜ਼ਾਰਾਂ ਪੋਰਟਰਾਂ, ਟਰੱਕ/ ਰੇਲ ਡਰਾਈਵਰਾਂ, ਸਟਾਫ ਆਦਿ ਦੀਆਂ ਨੌਕਰੀਆਂ ਪ੍ਰਭਾਵਿਤ ਹੋਣਗੀਆਂ। ਉਨ੍ਹਾਂ ਨੇ ਕਸ਼ਮੀਰ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਦੱਸਦਿਆਂ ਕਿਹਾ ਕਿ ਪਾਕਿ ਨੂੰ ਇਸ ਮੁੱਦੇ ਨੂੰ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤੇ ਵਪਾਰਕ ਸੰਬੰਧਾਂ ਨਾਲ ਨਹੀਂ ਜੋੜਨਾ ਚਾਹੀਦਾ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਵਪਾਰਕ ਰਿਸ਼ਤਿਆਂ ਦੀ ਬਹਾਲੀ ਲਈ ਪਾਕਿਸਤਾਨ 'ਤੇ ਦਬਾਅ ਪਾਉਣ ਲਈ ਕੂਟਨੀਤਕ ਰਸਤਾ ਖੋਲ੍ਹਣ ਲਈ ਕਿਹਾ।

### ਤਾਮਿਲ ਆਗੂ ਦਾ ਵਿਵਾਦਿਤ ਬਿਆਨ

# ਸੌਵੇਂ ਸੁਤੰਤਰਤਾ ਦਿਵਸ ਉਤੇ ਕਸ਼ਮੀਰ ਭਾਰਤ ਵਿੱਚ ਨਹੀਂ ਹੋਵੇਗਾ



ਚੇਨਈ, 12 ਅਗਸਤ (ਪੋਸਟ ਬਿਊਰੋ)- ਮਰੂਮਾਲਰਾਚੀ ਦ੍ਰਾਵਿੜ ਮੁਨੇਤਰ ਕਸ਼ਗਮ (ਐੱਮ ਡੀ ਐੱਮ ਕੇ) ਦੇ ਮੁਖੀ ਅਤੇ ਰਾਜ ਸਭਾ ਮੈਂਬਰ ਵਾਇਕੋ ਨੇ ਇਕ ਵਾਰ ਫਿਰ ਕਸ਼ਮੀਰ ਮੁੱਦੇ ਉੱਤੇ ਵਿਵਾਦਿਤ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਭਾਰਤ ਆਪਣਾ ਸੌਵਾਂ ਸੁਤੰਤਰਤਾ ਦਿਵਸ ਮਨਾਏਗਾ ਤਾਂ ਕਸ਼ਮੀਰ ਭਾਰਤ ਦੇ ਨਾਲ ਨਹੀਂ ਹੋਵੇਗਾ।

ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਦੇ ਕੇਂਦਰ ਸਰਕਾਰ ਵਾਲੇ ਕਦਮ ਦਾ ਪਾਰਲੀਮੈਂਟ ਮੈਂਬਰ ਵਾਇਕੋ ਨੇ ਵਿਰੋਧ ਕੀਤਾ ਅਤੇ ਇਸ ਨੂੰ ਲੋਕਤੰਤਰ ਦੇ ਖਿਲਾਫ ਦੱਸਿਆ ਸੀ। ਤਿਰੂਵਨਮਲਈ ਜ਼ਿਲੇ ਵਿੱਚ ਪਾਰਟੀ ਦੇ ਇਕ ਸਮਾਗਮ ਵਿੱਚ ਵਾਇਕੋ ਨੇ ਕਿਹਾ ਕਿ ਕਸ਼ਮੀਰ ਭਾਰਤ ਦਾ ਹਿੱਸਾ ਨਹੀਂ ਰਹੇਗਾ। ਇਕ ਮਹੀਨਾ ਪਹਿਲਾਂ ਚੇਨਈ ਦੀ ਇਕ ਅਦਲਾਤ ਨੇ ਸ੍ਰੀਲੰਕਾ ਦੇ ਅੱਤਵਾਦੀ ਸੰਗਠਨ ਲਿੱਟੇ ਦੇ ਸਮਰਥਨ ਵਿੱਚ ਬਿਆਨ ਦੇਣ ਉੱਤੇ ਵਾਇਕੋ ਨੂੰ ਦੇਸ਼ ਧ੍ਰੋਹ ਦੇ ਇਕ ਕੇਸ ਦਾ ਦੋਸ਼ੀ ਠਹਿਰਾਇਆ ਸੀ। ਅਦਾਲਤ ਨੇ ਬਾਅਦ ਵਿੱਚ ਸਜ਼ਾ ਉੱਤੇ ਰੋਕ ਲਾ ਦਿੱਤੀ ਸੀ।

5 ਅਗਸਤ ਨੂੰ ਜਦੋਂ ਧਾਰਾ 370 ਹਟਾਉਣ ਦਾ ਬਿੱਲ ਰਾਜ ਸਭਾ ਵਿੱਚ ਪੇਸ਼ ਕੀਤਾ ਗਿਆ ਤਾਂ ਵਾਇਕੋ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਅੱਜ ਦੁੱਖ ਦਾ ਦਿਨ ਹੈ ਕਿ ਅਸੀਂ ਆਪਣਾ ਵਾਅਦਾ ਤੋੜ ਦਿੱਤਾ ਹੈ। ਜਦੋਂ ਪਾਕਿਸਤਾਨੀ ਫੌਜ ਕਸ਼ਮੀਰ ਵਿੱਚ ਵੜੀ ਤਾਂ ਮਹਾਰਾਜਾ ਹਰੀ ਸਿੰਘ ਨੇ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਮਦਦ ਮੰਗੀ ਤੇ ਇੰਸਟਰੂਮੈਂਟ ਆਫ ਐਕਸੇਸ਼ਨ ਉੱਤੇ ਦਸਖਤ ਕੀਤੇ ਸਨ। ਵਾਇਕੋ ਨੇ ਕਿਹਾ ਕਿ ਕਸ਼ਮੀਰੀ ਨੇਤਾ ਸ਼ੇਖ ਅਬਦੁੱਲਾ ਨੇ ਭਾਰਤ ਨਾਲ ਜਾਣ ਦਾ ਫੈਸਲਾ ਕੀਤਾ ਤੇ ਸ਼ਰਤ ਰੱਖੀ ਸੀ ਕਿ ਕਸ਼ਮੀਰ ਵਿਚਲੀ ਨਿੱਜਤਾ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ। ਕਾਂਗਰਸ ਬਾਰੇ ਵਾਇਕੋ ਨੇ ਕਿਹਾ ਕਿ ਉਨ੍ਹਾਂ ਨੇ ਧੋਖਾ ਦਿੱਤਾ ਹੈ। ਇੰਨੇ ਸਾਲਾਂ ਵਿੱਚ ਕਾਂਗਰਸ ਨੇ ਲੋਕਤੰਤਰ ਦੀ ਹੱਤਿਆ ਕੀਤੀ ਹੈ।

# ਭਾਰਤ ਵਿੱਚ ਬਲਾਤਕਾਰ ਦੇ ਕੇਸ ਸੁਣਨ ਲਈ 1023 ਫਾਸਟ ਟ੍ਰੈਕ ਕੋਰਟਾਂ ਬਣਨਗੀਆਂ



ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਬਲਾਤਕਾਰ ਨਾਲ ਜੁੜੇ ਲਟਕਦੇ ਕੇਸਾਂ ਦੀ ਸੁਣਵਾਈ ਕਰਨ ਲਈ 1023 ਵਿਸ਼ੇਸ਼ ਫਾਸਟ ਟ੍ਰੈਕ ਅਦਾਲਤਾਂ ਬਣਾਏ ਜਾਣ ਦੀ ਪ੍ਰਕਿਰਿਆ 2 ਅਕਤੂਬਰ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਕਾਨੂੰਨ ਮੰਤਰਾਲੇ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ।

ਕਾਨੂੰਨ ਮੰਤਰਾਲੇ ਹੇਠ ਨਿਆਂ ਵਿਭਾਗ ਨੇ 767.25 ਕਰੋੜ ਦੇ ਬਜਟ ਨਾਲ ਇਹੋ ਜਿਹੀਆਂ ਅਦਾਲਤਾਂ ਬਣਾਉਣ ਦੀ ਤਜਵੀਜ਼ ਦਿੱਤੀ ਸੀ। ਇਕ ਸਾਲ ਲਈ ਕੇਂਦਰ ਸਰਕਾਰ ਨਿਰਭੈਯਾ ਕੋਸ਼ ਤੋਂ ਇਸ ਵਿਚ 474 ਕਰੋੜ ਰੁਪਏ ਦੀ ਮਦਦ ਦੇਵੇਗੀ। ਇਸ ਫੰਡ ਦੀ ਸਥਾਪਨਾ ਕੇਂਦਰ ਸਰਕਾਰ ਨੇ 2013 ਵਿੱਚ ਦਿੱਲੀ ਦੀ ਵਿਦਿਆਰਥਣ ਨਾਲ 16 ਦਸੰਬਰ 2012 ਨੂੰ ਹੋਏ ਸਮੂਹਿਕ ਬਲਾਤਕਾਰ ਅਤੇ ਕਤਲ ਤੋਂ ਬਾਅਦ ਕੀਤੀ ਸੀ। ਇਸ ਦਾ ਮਕਸਦ ਔਰਤਾਂ ਦੀ ਸੁਰੱਖਿਆ ਲਈ ਹੁੰਦੇ ਸਰਕਾਰੀ ਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਕੰਮਾਂ ਦੀ ਮਦਦ ਕਰਨਾ ਹੈ। ਨਿਆਂ ਵਿਭਾਗ ਨੇ ਅੱਠ ਅਗਸਤ ਨੂੰ ਕੈਬਨਿਟ ਸਕੱਤਰੇਤ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ 11 ਜੁਲਾਈ ਨੂੰ ਖ਼ਰਚ ਵਿੱਤੀ ਕਮੇਟੀ ਦੀ ਸਿਫਾਰਸ਼ ਤੇ ਕਾਨੂੰਨ ਮੰਤਰਾਲੇ ਦੀ ਹਮਾਇਤ ਤੋਂ ਬਾਅਦ ਇਹ ਕੇਸ ਮਨਜ਼ੂਰੀ ਲਈ ਵਿੱਤ ਮੰਤਰਾਲੇ ਨੂੰ ਭੇਜ ਦਿੱਤਾ ਹੈ। ਵਿਭਾਗ ਨੇ ਲਿਖਿਆ ਹੈ, 'ਨਾਲ ਦੀ ਨਾਲ ਇਸ ਨਾਲ ਜੁੜੀਆਂ ਹੋਰ ਕਾਰਵਾਈਆਂ ਵੀ ਕੀਤੀਆਂ ਜਾ ਰਹੀਆਂ ਹਨ, ਕਿਉਂਕਿ ਫਾਸਟ ਟ੍ਰੈਕ ਵਿਸ਼ੇਸ਼ ਅਦਾਲਤਾਂ ਦੇ ਗਠਨ ਦਾ ਕੰਮ 2 ਅਕਤੂਬਰ 2019 ਤੋਂ ਸ਼ੁਰੂ ਕਰਨ ਦੀ ਯੋਜਨਾ ਹੈ।'

ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਸੀ ਕਿ ਪਹਿਲੇ ਪੜਾਅ ਵਿੱਚ ਨੌਂ ਰਾਜਾਂ ਵਿੱਚ ਅਜਿਹੀਆਂ 777 ਅਦਾਲਤਾਂ ਬਣਾਈਆਂ ਜਾ ਸਕਦੀਆਂ ਹਨ ਅਤੇ ਦੂਜੇ ਪੜਾਅ ਵਿੱਚ 246 ਅਦਾਲਤਾਂ ਦਾ ਗਠਨ ਕੀਤਾ ਜਾਵੇਗਾ। ਵਰਨਣ ਯੋਗ ਹੈ ਕਿ ਪਾਰਲੀਮੈਂਟ ਨੇ ਵੀ ਪਿੱਛੇ ਜਿਹੇ ਪ੍ਰੋਟੈਕਸ਼ਨ ਆਫ ਚਿਲਡਰਨ ਫ੍ਰਾਮ ਸੈਕਸੁਅਲ ਆਫੈਂਸਿਜ਼ (ਪਾਕਸੋ) ਐਕਟ ਵਿਚ ਸੋਧਾਂ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਸੋਧਾਂ ਵਿਚ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਉੱਤੇ ਮੌਤ ਦੀ ਸਜ਼ਾ ਤਕ ਦੀ ਤਜਵੀਜ਼ ਕੀਤੀ ਗਈ ਹੈ।

## ਹਰਿਆਣਾ ਵਿੱਚ ਟੁੱਟੇ ਹੋਏ ਚੌਟਾਲਾ ਗਰੁੱਪ ਤੇ ਬਸਪਾ ਦਾ ਸਿਆਸੀ ਗਠਜੋੜ ਬਣਿਆ

ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗਠਜੋੜ ਦੀ ਸਿਆਸਤ ਨੇ ਅੰਗੜਾਈ ਲਈ ਹੈ। ਹਿਸਾਰ ਦੇ ਸਾਬਕਾ ਪਾਰਲੀਮੈਂਟ ਮੈਂਬਰ ਦੁਸ਼ਿਅੰਤ ਚੌਟਾਲਾ ਦੀ ਅਗਵਾਈ ਵਾਲੀ ਜਨਨਾਇਕ ਜਨਤਾ ਪਾਰਟੀ (ਜਜਪਾ) ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਗਠਜੋੜ ਹੋ ਗਿਆ ਹੈ। ਦੋਵੇਂ ਮਿਲ ਕੇ ਸੂਬੇ ਵਿੱਚ ਅਕਤੂਬਰ ਵਿੱਚ ਵਿਧਾਨ ਸਭਾ ਚੋਣਾਂ ਲੜਨਗੇ।

ਮਿਲੀ ਜਾਣਕਾਰੀ ਅਨੁਸਾਰ ਚਾਬੀ ਦੇ ਚੋਣ ਨਿਸ਼ਾਨ ਵਾਲੀ ਜਜਪਾ ਅਤੇ ਬਸਪਾ ਦੇ ਵਿਚਾਲੇ ਸੀਟਾਂ ਦੀ ਵੰਡ ਵੀ ਹੋ ਗਈ ਹੈ। ਜਜਪਾ ਕੁੱਲ ਪੰਜਾਹ ਸੀਟਾਂ ਅਤੇ ਬਸਪਾ ਚਾਲੀ ਵਿਧਾਨ ਸਭਾ ਸੀਟਾਂ ਉਤੇ ਉਮੀਦਵਾਰ ਖੜ੍ਹੇ ਕਰੇਗੀ। ਕਿਹੜੀ ਪਾਰਟੀ ਦੇ ਖਾਤੇ ਵਿੱਚ ਕਿਹੜੀ ਸੀਟ ਰਹੇਗੀ, ਇਹ ਤੈਅ ਹੋਣਾ ਬਾਕੀ ਹੈ। ਦੋਵੇਂ ਦਲਾਂ ਨੇ ਮਿਲ ਕੇ ਤਾਊ ਦੇਵੀ ਲਾਲ ਦੀ ਜਯੰਤੀ ਉਤੇ 25 ਸਤੰਬਰ ਨੂੰ ਸੂਬਾ ਪੱਧਰੀ ਰੈਲੀ ਕਰਨ ਦਾ ਫੈਸਲਾ ਲਿਆ ਹੈ। ਇਹ ਰੈਲੀ ਕਿੱਥੇ ਕਰਨੀ ਹੈ, ਇਸ ਬਾਰੇ ਸਥਾਨ ਅਜੇ ਤੈਅ ਨਹੀਂ ਹੋਇਆ। ਇਸ ਰੈਲੀ ਵਿੱਚ ਮਾਇਆਵਤੀ ਵੀ ਆ ਸਕਦੀ ਹੈ।

ਪਿਛਲੇ ਸਾਲ ਤਾਊ ਦੇਵੀਲਾਲ ਦੀ ਜਯੰਤੀ 'ਤੇ ਗੋਹਾਨਾ ਵਿੱਚ ਹੋਈ ਰੈਲੀ ਵਿੱਚ ਹੁੱਲੜਬਾਜ਼ੀ ਦਾ ਦੋਸ਼ ਲਾਉਂਦੇ ਹੋਏ ਇਨੈਲੋ ਪਾਰਟੀ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਦੁਸ਼ਿਅੰਤ ਚੌਟਾਲਾ ਨੂੰ ਪਾਰਟੀ ਤੋਂ ਕੱਢ ਦਿੱਤਾ ਸੀ, ਜਿਸ ਦੇ ਬਾਅਦ ਜਜਪਾ ਦਾ ਜਨਮ ਹੋਇਆ ਸੀ। ਜਨਨਾਇਕ ਜਨਤਾ ਪਾਰਟੀ ਦੇ ਕਨਵੀਨਰ ਦੁਸ਼ਿਅੰਤ ਚੌਟਾਲਾ ਅਤੇ ਬਸਪਾ ਦੇ ਜਨਰਲ ਸੈਕਟਰੀ ਰਾਜ ਸਭਾ ਮੈਂਬਰ ਸਤੀਸ਼ ਮਿਸ਼ਰਾ ਨੇ ਕੱਲ੍ਹ ਨਵੀਂ ਦਿੱਲੀ ਦੇ ਕੰਸਟੀਟਿਊਸ਼ਨ ਕਲੱਬ ਵਿੱਚ ਦੋਵਾਂ ਦਲਾਂ ਵਿਚਾਲੇ ਗਠਜੋੜ ਦਾ ਐਲਾਨ ਕੀਤਾ। ਜਜਪਾ ਅਤੇ ਬਸਪਾ ਦੇ ਪੰਜ ਗਠਜੋੜ ਦੀਆਂ ਸ਼ਰਤਾਂ ਤੈਅ ਹੋ ਚੁੱਕੀਆਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਜਜਪਾ ਅਤੇ ਆਮ ਆਦਮੀ ਪਾਰਟੀ ਨੇ ਮਿਲ ਕੇ ਲੋਕ ਸਭਾ ਚੋਣ ਲੜੀ, ਪਰ ਨਤੀਜੇ ਚੰਗੇ ਨਹੀਂ ਸੀ ਰਹੇ। ਬਸਪਾ ਦਾ ਸਾਬਕਾ ਪਾਰਲੀਮੈਂਟ ਮੈਂਬਰ ਰਾਜ ਕਮਾਰ ਸੈਣੀ ਦਾ ਲੋਕਤੰਤਰ ਸੁਰੱਖਿਆ ਪਾਰਟੀ ਨਾਲ ਗਠਜੋੜ ਹੋਇਆ ਸੀ। ਲੋਕਤੰਤਰ ਸੁਰੱਖਿਆ ਪਾਰਟੀ ਨੇ ਦੋ ਤੇ ਬਸਪਾ ਨੇ ਅੱਠ ਲੋਕ ਸਭਾ ਸੀਟਾਂ 'ਤੇ ਚੋਣ ਲੜੀ ਸੀ।

## ਮੁੰਬਈ ਦੇ ਹੋਟਲ ਨੇ ਦੋ ਉੱਬਲੇ ਆਂਡਿਆਂ ਦੇ 1700 ਰੁਪਏ ਵਸੂਲੇ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਚੰਡੀਗੜ੍ਹ ਦੇ ਜੇ ਡਬਲਯੂ ਮੈਰੀਅਟ ਹੋਟਲ ਵਿੱਚ ਦੋ ਕੇਲਿਆਂ ਲਈ ਵਸੂਲੇ ਗਏ 443 ਰੁਪਏ ਬਹੁਤ ਜ਼ਿਆਦਾ ਲੱਗਦੇ ਸਨ, ਪਰ ਇੱਕ ਟਵਿੱਟਰ ਯੂਜ਼ਰ ਨੂੰ ਮੁੰਬਈ ਦੇ ਫੋਰ ਸੀਜਨਸ ਹੋਟਲ ਵਿੱਚ ਦੋ ਉਬਲੇ ਆਂਡਿਆਂ ਦੇ ਲਈ 1700 ਰੁਪਏ ਅਦਾ ਕਰਨਾ ਪੈ ਗਏ ਹਨ।

ਅਭਿਨੇਤਾ ਰਾਹੁਲ ਬੋਸ ਦੇ ਕੇਲਾ ਵਿਵਾਦ ਦੇ ਬਾਅਦ ਚੰਡੀਗੜ੍ਹ ਦੇ ਐਕਸਾਈਜ਼ ਤੇ ਟੈਕਸ ਵਿਭਾਗ ਨੇ ਜੇ ਡਬਲਯੂ ਮੈਰੀਅਟ ਹੋਟਲ ਉੱਤੇ 25000 ਰੁਪਏ ਜੁਰਮਾਨਾ ਲਾਇਆ ਸੀ। ਕਾਰਤਿਕ ਧਰ ਨਾਂਅ ਦੇ ਵਿਅਕਤੀ ਨੇ ਟਵਿੱਟਰ ਉੱਤੇ ਬਿੱਲ ਦੀ ਫੋਟੋ ਸਾਂਝੀ ਕੀਤੀ ਹੈ, ਜਿਸ ਦੇ ਕੈਪਸ਼ਨ ਵਿੱਚ ਉਨ੍ਹਾਂ ਨੇ ਲਿਖਿਆ ਹੈ, 'ਫੋਰ ਸੀਜਨਸ ਹੋਟਲ ਵਿੱਚ ਦੋ ਆਂਡਿਆਂ ਦੀ ਕੀਮਤ 1700 ਰੁਪਏ।' ਕਾਰਤਿਕ ਨੇ ਰਾਹੁਲ ਬੋਸ ਨੂੰ ਵੀ ਪੋਸਟ ਦੇ ਕੈਪਸ਼ਨ ਵਿੱਚ ਟੈਗ ਕੀਤਾ ਅਤੇ ਲਿਖਿਆ ਹੈ, 'ਭਾਈ ਅੰਦੋਲਨ ਕਰੀਏ?' ਆਲ ਦਿ ਕਵੀਂਸ ਮੇਨ ਦੇ ਲੇਖਕ ਵੱਲੋਂ ਸਾਂਝੇ ਬਿਲ ਵਿੱਚ ਦਿਖਾਈ ਦੇਂਦਾ ਹੈ ਕਿ ਹੋਟਲ ਵਿੱਚ ਦੋ ਆਮਲੇਟ ਦੀ ਉਨ੍ਹਾਂ ਤੋਂ ਓਨੀ ਕੀਮਤ ਵਸੂਲੀ ਹੈ।

## ਬਰਛੇ ਨਾਲ 25 ਵਾਰ ਕਰ ਕੇ ਉਤਾਰਿਆ ਮੌਤ ਦੇ ਘਾਟ


ਪੰਚਕੂਲਾ, 12 ਅਗਸਤ (ਪੋਸਟ ਬਿਊਰੋ)- ਸੈਕਟਰ-3 ਸਥਿਤ ਤਾਊ ਦੇਵੀਲਾਲ ਸਟੇਡੀਅਮ ਦੇ ਪਿੱਛੇ ਕੱਲ੍ਹ ਸਵੇਰੇ ਇੱਕ ਵਿਅਕਤੀ ਦੀ ਹੱਤਿਆ ਕਰ ਦਿੱਤੀ ਗਈ। ਬਰਛੇ ਨਾਲ ਮ੍ਰਿਤਕ ਦੇ ਮੂੰਹ ਅਤੇ ਸਰੀਰ ਦੇ ਹੋਰਨਾਂ ਹਿੱਸਿਆਂ 'ਤੇ ਕਰੀਬ 25 ਵਾਰ ਕੀਤੇ ਗਏ ਸਨ। ਸ਼ੱਕ ਦੀ ਸੂਈ ਮ੍ਰਿਤਕ ਦੇ ਘਰ ਸ਼ਨੀਵਾਰ ਨੂੰ ਆਏ ਇੱਕ ਪੁਰਾਣੇ ਜਾਣਕਾਰ ਉਤੇ ਘੁੰਮਦੀ ਹੈ ਜਿਸ ਨੂੰ ਛੱਡਣ ਲਈ ਉਹ ਜੀਰਕਪੁਰ ਜਾ ਰਿਹਾ ਸੀ। ਹੱਤਿਆ ਦੇ ਬਾਅਦ ਪੁਰਾਣਾ ਜਾਣਕਾਰ ਗਾਇਬ ਹੈ ਤੇ ਉਸ ਦਾ ਮੋਬਾਈਲ ਵੀ ਬੰਦ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮ੍ਰਿਤਕ ਗਗਨਦੀਪ ਸਿੰਘ ਬੇਦੀ ਇੱਕ ਐਨ ਆਰ ਆਈ ਦਾ ਬੇਟਾ ਸੀ। ਕੱਲ੍ਹ ਸਵੇਰੇ ਸਟੇਡੀਅਮ ਦੇ ਪਿਛਲੇ ਗੇਟ 'ਤੇ ਲਾਸ਼ ਦੀ ਸੂਚਨਾ ਪੁਲਸ ਨੂੰ ਮਿਲੀ। ਪੁਲਸ ਨੇ ਮੁਆਇਨਾ ਕੀਤਾ ਤਾਂ ਇੱਕ ਨੇੜੇ ਖੜ੍ਹੀ ਕਾਰ ਵਿੱਚ ਮੋਬਾਈਲ ਫੋਨ ਵਜ ਰਿਹਾ ਸੀ। ਪੁਲਸ ਨੇ ਫੋਨ ਚੁੱਕਿਆ ਤਾਂ ਪਤਾ ਲੱਗਾ ਕਿ ਇਹ ਫੋਨ ਗਗਨਦੀਪ ਸਿੰਘ ਦਾ ਹੈ। ਉਸ ਦੇ ਮਾਂ-ਬਾਪ ਇੰਗਲੈਂਡ ਵਿੱਚ ਰਹਿੰਦੇ ਹਨ। ਦੂਸਰੇ ਪਾਸਿਉਂ ਗਗਨਦੀਪ ਦੀ ਪਤਨੀ ਤਨੂੰ ਸ਼ਰਮਾ ਗੱਲ ਕਰ ਰਹੀ ਸੀ। ਪੁਲਸ ਨੇ ਉਸ ਨੂੰ ਦੱਸਿਆ ਕਿ ਗਗਨਦੀਪ ਨੂੰ ਕਾਫੀ ਸੱਟਾਂ ਲੱਗੀਆਂ ਹਨ। ਇਸ 'ਤੇ ਤਨੂ ਰਿਸ਼ਤੇਦਾਰਾਂ ਦੇ ਨਾਲ ਮੌਕੇ 'ਤੇ ਪਹੁੰਚੀ। ਉਥੇ ਉਸ ਨੂੰ ਪਤਾ ਲੱਗਾ ਕਿ ਗਗਨਦੀਪ ਦੀ ਮੌਤ ਹੋ ਗਈ ਹੈ। ਤਨੂ ਵਾਸੀ ਪਿੰਡ ਮੌਲਾ, ਥਾਣਾ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਪਿਛਲੇ ਕੁਝ ਸਮੇਂ ਤੋਂ ਮਕਾਨ ਨੰਬਰ 511, ਸੈਕਟਰ 26, ਪੰਚਕੂਲਾ ਵਿਚ ਪਤੀ ਦੇ ਨਾਲ ਕਿਰਾਏ ਦੇ ਮਕਾਨ ਵਿੱਚ ਰਹਿ ਰਹੀ ਹੈ। ਤਨੂ ਨੇ ਦੱਸਿਆ ਕਿ ਉਹ ਜੋਤਿਸ਼ ਦਾ ਕੰਮ ਕਰਦੀ ਹੈ। ਉਸ ਦੇ ਪਤੀ ਪਹਿਲਾਂ ਉਬਰ ਦਾ ਕੰਮ ਕਰਦੇ ਸਨ, ਪਰ ਲਗਭਗ ਇਕ ਸਾਲ ਪਹਿਲਾਂ ਛੱਡ ਦਿੱਤਾ ਸੀ। ਕਰੀਬ ਤਿੰਨ ਸਾਲ ਪਹਿਲਾਂ ਗਗਨਦੀਪ ਪਤਨੀ ਅਤੇ ਬੱਚਿਆਂ ਨਾਲ ਪਿੰਡ ਰਾਮਪੁਰਾ ਮੰਡੀ ਜ਼ਿਲ੍ਹਾ ਬਠਿੰਡਾ ਵਿੱਚ ਰਹਿੰਦੇ ਸਨ ਤੇ ਫਿਰ ਪੰਚਕੂਲਾ ਆ ਗਏ। ਉਨ੍ਹਾਂ ਦਾ ਨਵਾਂ ਮਕਾਨ ਸੈਕਟਰ 27 ਪੰਚਕੂਲਾ ਵਿੱਚ 631 ਪੀ ਵਿੱਚ ਬਣ ਰਿਹਾ ਹੈ। 10 ਅਗਸਤ ਨੂੰ ਸੰਦੀਪ ਉਰਫ ਸ਼ਿਬੂ ਵਾਸੀ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਸ਼ਾਮ ਉਨ੍ਹਾਂ ਦੇ ਘਰ ਆਇਆ ਸੀ। ਸੰਦੀਪ ਉਨ੍ਹਾਂ ਦਾ ਪੁਰਾਣਾ ਜਾਣਕਾਰ ਹੈ।



ਮੌਕੇ ਉਤੇ ਜਾਂਚ ਕਰਦੀ ਪੁਲਸ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)



## ਬੀ ਐੱਸ ਐੱਨ ਐੱਲ ਦਾ 3000 ਕਰੋੜ ਤੋਂ ਵੱਧ ਦੀ ਵਸੂਲੀ ਉੱਤੇ ਜ਼ੋਰ





ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਕੈਸ਼-ਫਲੋਅ ਦੀ ਸਮੱਸਿਆ ਨਾਲ ਜੂਝ ਰਹੀ ਜਨਤਕ ਖੇਤਰ ਦੀ ਬੀ ਐੱਸ ਐੱਨ ਐੱਲ (ਭਾਰਤ ਦੀ ਸਰਕਾਰੀ ਟੈਲੀਫੋਨ ਕੰਪਨੀ) ਨੇ ਆਪਣੇ ਕੰਪਨੀ ਗ੍ਰਾਹਕਾਂ ਤੋਂ ਬਕਾਏ ਦੀ ਵਸੂਲੀ ਲਈ ਹਮਲਾਵਰ ਕਦਮ ਚੁੱਕਣ ਦੀ ਯੋਜਨਾ ਬਣਾਈ ਹੈ। ਟੈਲੀਕਾਮ ਕੰਪਨੀ ਅਗਲੇ ਦੋ-ਤਿੰਨ ਮਹੀਨਿਆਂ ਵਿੱਚ 3000 ਕਰੋੜ ਤੋਂ ਵੱਧ ਦੇ ਬਕਾਏ ਵਿੱਚੋਂ ਵੱਡੀ ਰਾਸ਼ੀ ਦੀ ਵਸੂਲੀ ਦੀ ਆਸ ਕਰਦੀ ਹੈ। ਭਾਰਤ ਸੰਚਾਰ ਨਿਗਮ ਲਿਮਟਿਡ (ਬੀ ਐੱਸ ਐੱਨ ਐੱਲ) ਇਹ ਕਦਮ ਓਦੋਂ ਚੁੱਕ ਰਹੀ ਹੈ, ਜਦ ਕੰਪਨੀ ਵਿੱਤੀ ਸਥਿਤੀ ਬਾਰੇ ਕਾਫੀ ਦਬਾਅ ਵਿੱਚ ਹੈ ਅਤੇ ਇਸ ਕਾਰਨ ਉਸ ਨੇ ਇਸ ਸਾਲ ਦੂਸਰੀ ਵਾਰ ਕਰਮਚਾਰੀਆਂ ਦੀ ਤਨਖਾਹ ਦੇ ਭੁਗਤਾਨ ਵਿੱਚ ਦੇਰੀ ਕੀਤੀ ਹੈ। ਬੀ ਐੱਸ ਐੱਨ ਐੱਲ ਨੇ ਕਰਮਚਾਰੀਆਂ ਦੀ ਜੁਲਾਈ ਮਹੀਨੇ ਦੀ ਤਨਖਾਹ ਪੰਜ ਅਗਸਤ ਨੂੰ ਜਾਰੀ ਕੀਤੀ ਸੀ। ਇਸ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਪੀ ਕੇ ਪੁਰਵਾਰ ਨੇ ਕਿਹਾ, ਸਾਡਾ ਕੰਪਨੀ ਗ੍ਰਾਹਕਾਂ ਵੱਲ ਬਕਾਇਆ 3000 ਕਰੋੜ ਰੁਪਏ ਤੋਂ ਵੱਧ ਹੈ। ਅਸੀਂ ਇਸ ਦੀ ਵਸੂਲੀ ਦੇ ਹਮਲਾਵਰ ਕਦਮ ਉਠਾ ਰਹੇ ਹਾਂ, ਇਸ ਵਿੱਚ ਸਾਨੂੰ ਸਫਲਤਾ ਵੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਪੂਰੀ ਬਕਾਇਆ ਰਾਸ਼ੀ ਵਸੂਲੀ ਦੀ ਸਮਾਂ ਹੱਦ ਦੱਸਣਾ ਮੁਸ਼ਕਲ ਹੈ, ਪਰ ਬੀ ਐੱਸ ਐੱਨ ਐੱਲ ਨੂੰ ਅਗਲੇ ਦੋ-ਤਿੰਨ ਮਹੀਨਿਆਂ ਵਿੱਚ ਉਸ ਵਿੱਚੋਂ ਵੱਡੀ ਰਾਸ਼ੀ ਦੀ ਵਸੂਲੀ ਦੀ ਉਮੀਦ ਹੈ। ਕੰਪਨੀ ਦਾ ਸਾਲਾਨਾ ਆਮਦਨ ਅਤੇ ਖਰਚ (ਸੰਚਾਲਨ ਖਰਚ ਅਤੇ ਤਨਖਾਹ) ਵਿੱਚ 800 ਕਰੋੜ ਰੁਪਏ ਦਾ ਫਰਕ ਹੈ। ਬੀ ਐੱਸ ਐੱਨ ਐੱਲ ਨੂੰ 2018-19 'ਚ ਲਗਭਗ 14000 ਕਰੋੜ ਰੁਪਏ ਘਾਟੇ ਦਾ ਅੰਦਾਜ਼ਾ ਹੈ। ਕੰਪਨੀ ਨੂੰ 2017-18 ਵਿੱਚ 7993 ਕਰੋੜ ਰੁਪਏ ਦਾ ਘਾਟਾ ਹੋਇਆ ਸੀ। ਕੰਪਨੀ ਕਿਰਾਏ ਤੋਂ ਵਧਦੀ ਕਮਾਈ ਦੀ ਉਮੀਦ ਕਰ ਰਹੀ ਹੈ। ਇਸ ਸਾਲ ਬੀ ਐੱਸ ਐੱਨ ਐੱਲ ਦੀ ਕਿਰਾਏ ਤੋਂ ਲਗਭਗ 1000 ਕਰੋੜ ਰੁਪਏ ਦੀ ਕਮਾਈ 'ਤੇ ਨਜ਼ਰ ਹੈ। ਪਿਛਲੇ ਵਾਰ ਇਹ 200 ਕਰੋੜ ਰੁਪਏ ਸੀ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.






Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਸਾਊਦੀ ਅਰਬ ਦੇ ਗੱਠਜੋੜ ਨੇ ਅਦਨ ਵਿੱਚ ਹਵਾਈ ਹਮਲੇ ਕੀਤੇ



ਅਦਨ, 12 ਅਗਸਤ (ਪੋਸਟ ਬਿਊਰੋ)- ਸਾਊਦੀ ਅਰਬ ਦੀ ਅਗਵਾਈ ਵਾਲੀ ਗੱਠਜੋੜ ਫੌਜ ਨੇ ਯਮਨ ਦੇ ਬੰਦਰਗਾਹ ਵਾਲੇ ਸ਼ਹਿਰ ਅਦਨ ਦੇ ਇਕ ਫੌਜੀ ਟਿਕਾਣੇ 'ਤੇ ਕੱਲ੍ਹ ਹਵਾਈ ਹਮਲੇ ਕੀਤੇ, ਜਿਨ੍ਹਾਂ ਦਾ ਮਕਸਦ ਯਮਨ ਦੀ ਸਰਕਾਰ ਦੇ ਖਿਲਾਫ ਤਖਤਾ ਪਲਟ ਦੀ ਕੋਸ਼ਿਸ਼ ਨੂੰ ਨਾਕਾਮ ਕਰਨਾ ਦੱਸਿਆ ਗਿਆ ਹੈ।

ਯਮਨ ਦੀ ਸਰਕਾਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਸ ਹਮਲੇ ਨਾਲ ਯੂ ਏ ਈ ਦੀ ਹਮਾਇਤ ਵਾਲੇ ਇੱਕ ਵੱਖਵਾਦੀ ਧੜੇ ਸਦਰਨ ਟਰਾਂਜੀਸ਼ਨਲ ਕੌਂਸਲ (ਐਸ ਟੀ ਸੀ) ਦੀ ਯਮਨ ਦੇ ਰਾਸ਼ਟਰਪਤੀ ਭਵਨ ਅਤੇ ਫੌਜੀ ਟਿਕਾਣੇ 'ਤੇ ਕਬਜ਼ੇ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ। ਐਸ ਟੀ ਸੀ ਨੇ ਇਸ ਹਵਾਈ ਹਮਲੇ ਤੋਂ ਬਾਅਦ ਆਪਣੀ ਫੌਜ ਵਾਪਸ ਬੁਲਾਉਣ ਦੀ ਗੱਲ ਸਵੀਕਾਰ ਕੀਤੀ ਹੈ। ਯੂ ਐਨ ਦੇ ਮੁਤਾਬਕ ਯਮਨ ਵਿੱਚ ਬੀਤੇ ਵੀਰਵਾਰ ਤੋਂ ਸ਼ੁਰੂ ਹੋਈ ਤਾਜ਼ਾ ਜੰਗ 'ਚ 40 ਲੋਕ ਮਾਰੇ ਗਏ ਅਤੇ 260 ਜ਼ਖਮੀ ਹੋਏ ਹਨ। ਸਾਊਦੀ ਅਰਬ ਦੇ ਹਮਾਇਤੀ ਰਾਸ਼ਟਰਪਤੀ ਆਬਿਦਰੱਬੂ ਮੰਸੂਰ ਹਾਦੀ ਦੀ ਸਰਕਾਰ ਨੇ ਯੂ ਏ ਈ ਉੱਤੇ ਐਸ ਟੀ ਸੀ ਰਾਹੀਂ ਤਖਤਾ ਪਲਟਣ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਹੈ। ਅਦਨ ਦੀ ਇਸ ਲੜਾਈ ਨਾਲ ਵੱਖਵਾਦੀਆਂ ਅਤੇ ਯਮਨ ਸਰਕਾਰ ਦੀ ਵਫਾਦਾਰ ਫੌਜ ਵਿਚਾਲੇ ਦੀ ਵਿਰੋਧ ਬਾਹਰ ਆ ਗਿਆ ਹੈ। ਦੋਵੇਂ ਇਸ ਤੋਂ ਪਹਿਲਾਂ ਰਾਜਧਾਨੀ ਸਨਾ ਉਤੇ ਕਬਜ਼ਾ ਜਮਾਈ ਬੈਠੇ ਈਰਾਨ ਹਮਾਇਤੀ ਹਾਊਦੀ ਬਾਗੀਆਂ ਦੇ ਖਿਲਾਫ ਮਿਲ ਕੇ ਲੜ ਚੁੱਕੇ ਹਨ।

# ਅਮਰੀਕਾ-ਤਾਲਿਬਾਨ ਦੀ ਅੱਠਵੇਂ ਦੌਰ ਦੀ ਗੱਲਬਾਤ ਉਮੀਦ ਨਾਲ ਖ਼ਤਮ

ਕਾਬੁਲ, 12 ਅਗਸਤ (ਪੋਸਟ ਬਿਊਰੋ)- ਅਮਰੀਕਾ ਤੇ ਤਾਲਿਬਾਨ ਵਿਚਾਲੇ ਅੱਠਵੇਂ ਦੌਰ ਦੀ ਸ਼ਾਂਤੀ ਗੱਲਬਾਤ ਸਮਾਪਤ ਹੋ ਗਈ ਹੈ। ਇਹ ਗੱਲਬਾਤ ਕਤਰ ਦੀ ਰਾਜਧਾਨੀ ਦੋਹਾ ਵਿੱਚ ਹੋਈ ਸੀ। ਤਾਲਿਬਾਨ ਦੇ ਬੁਲ-ਾਰੇ ਜਬੀਹੁਲਾਹ ਮੁਜਾਹਿਦ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਗੱਲਬਾਤ ਦੇ ਸ਼ੁਰੂ ਵਿੱਚ ਅਧਿਕਾਰੀਆਂ ਨੇ ਅਫ਼ਗਾਨਿਸਤਾਨ ਵਿੱਚ 18 ਸਾਲ ਦੀ ਜੰਗ ਨੂੰ ਸਮਾਪਤੀ ਕਰਨ ਬਾਰੇ 'ਸਭ ਤੋਂ ਮਹੱਤਵ ਪੂਰਨ' ਗੱਲਬਾਤ ਦਾ ਪੜਾਅ ਦੱਸਿਆ ਸੀ।

ਮੰਨਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਤੋਂ ਅਮਰੀਕਾ ਆਪਣੀ ਫੌਜ ਵਾਪਸ ਵੀ ਸੱਦ ਸਕਦਾ ਹੈ। ਜਬੀਹੁਲਾਹ ਮੁਜਾਹਿਦ ਨੇ ਦੱਸਿਆ ਕਿ ਗੱਲਬਾਤ ਕਾਫ਼ੀ ਸਫ਼ਲ ਰਹੀ ਹੈ ਅਤੇ ਦੋਵਾਂ ਧਿਰਾਂ ਅੱਗੇ ਲਈ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਸਹਿਮਤ ਹਨ। ਕਾਬੁਲ ਵਿੱਚ ਅਮਰੀਕਾ ਦੂਤਘਰ ਨੇ ਇਸ ਬਾਰੇ ਟਿੱਪਣੀ ਨਹੀਂ ਕੀਤੀ। ਤਾਲਿਬਾਨ ਗੱਲਬਾਤ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਅਮਰੀਕਾ ਦੇ ਵਿਸ਼ੇਸ਼ ਰਾਜਦੂਤ ਜਾਲਮੇ ਖਲੂਲਜ਼ਾਦ ਨੇ ਐਤਵਾਰ ਨੂੰ ਟਵੀਟ ਕੀਤਾ ਸੀ, 'ਮੈਨੂੰ ਆਸ ਹੈ ਕਿ ਜੰਗ ਵਰਗੇ ਹਾਲਾਤ ਵਿੱਚ ਅਫ਼ਗਾਨਿਸਤਾਨ ਵਿੱਚ ਇਹ ਆਖਰੀ ਈਦ ਹੈ।'



*ਤਾਲੀਬਾਨ ਦੇ ਨੁਮਾਂਇੰਦੇ ਦੋਹਾ ਵਿਖੇ ਪਹੁੰਚਣ ਸਮੇਂ।*

ਪਹਿਲਾਂ ਇਹ ਗੱਲ ਪਤਾ ਲੱਗੀ ਸੀ ਕਿ ਆਫ਼ਗਾਨਿਸਤਾਨ ਤੋਂ ਆਮਰੀਕਾ ਆਪਣੇ ਪੰਜ ਹਜ਼ਾਰ ਫੌਜੀ ਵਾਪਸ ਸੱਦਣ ਦੀ ਤਿਆਰੀ ਕਰ ਰਿਹਾ ਹੈ। ਇਹ ਪ੍ਰਕਿਰਿਆ ਅਮਰੀਕਾ ਤੇ ਤਾਲਿਬਾਨ ਦੇ ਸ਼ਾਂਤੀ ਸਮਝੌਤੇ ਦਾ ਹਿੱਸਾ ਹੈ। ਵ੍ਹਾਈਟ ਹਾਊਸ ਨੇ ਇਸ ਰਿਪੋਰਟ ਉੱਤੇ ਆਪਣੀ ਪ੍ਰਕਿਰਿਆ ਦਿੰਦੇ ਹੋਏ ਕਿਹਾ ਕਿ ਅਫ਼ਗਾਨਿਸਤਾਨ ਵਿੱਚ ਅਮਰੀਕਾ ਸੈਨਿਕਾਂ ਦੀ ਵਾਪਸੀ ਤਾਜ਼ਾ ਰਾਜਸੀ ਹਾਲਾਤ ਅਤੇ ਸਥਿਤੀਆਂ ਉੱਤੇ ਆਧਾਰਿਤ ਹੋਵੇਗੀ। ਅਮਰੀਕਾ ਨੇ ਆਫ਼ਗਾਨਿਸਤਾਨ ਵਿੱਚ ਇੱਕ ਟ੍ਰਿਲਿਅਨ ਡਾਲਰ ਤੋਂ ਵੱਧ ਖਰਚ ਕੀਤਾ ਹੈ ਤੇ ਰਾਸ਼ਟਰਪਤੀ ਡੋਨਾਲਡ ਟ੍ਰੰਪ ਨੇ ਕਿਹਾ ਕਿ ਇਹ ਸੈਨਿਕਾਂ ਨੂੰ ਵਾਪਸ ਬੁਲਾਉਣਾ ਚਾਹੁੰਦੇ ਹਾਂ। ਇਸ ਦੇ ਬਦਲੇ ਤਾਲਿਬਾਨ ਨੂੰ ਕਈ ਸੁਰੱਖਿਆ ਨਿਯਮਾਂ ਨੂੰ ਮੰਨਣਾ ਪਵੇਗਾ।

ਅਮਰੀਕਾ-ਤਾਲਿਬਾਨ ਸਮਝੌਤੇ ਨਾਲ ਅਫਗਾਨਿਸਤਾਨ ਵਿੱਚ ਜੰਗ ਸਮਾਪਤ ਨਹੀਂ ਹੋਵੇਗਾ। ਇਸ ਪਿੱਛੋਂ ਬਾਗੀਆਂ ਨੂੰ ਕਾਬੁਲ ਸਰਕਾਰ ਨਾਲ ਸਮਝੌਤਾ ਕਰਨ ਦੀ ਜ਼ਰੂਰਤ ਹੋਵੇਗੀ। ਕਈ ਅਫ਼ਗਾਨ ਈਦ ਉੱਤੇ ਸੀਜ਼ਫਾਇਰ ਐਲਾਨ ਦੀ ਆਸ ਕਰ ਰਹੇ ਸੀ, ਜੋ ਨਹੀਂ ਹੋਈ, ਪਰ ਪਿਛਲੇ ਦਿਨੀਂ ਇਹ ਸ਼ਾਂਤੀ ਦੇਖਣ ਨੂੰ ਮਿਲੀ ਹੈ। ਅਫਗਾਨਿਸਤਾਨ ਦੀ ਖੁਫੀਆ ਸੇਵਾ ਨੇ ਐਲਾਨ ਕੀਤਾ ਹੈ ਕਿ ਸੋਮਵਾਰ ਨੂੰ ਤਾਲਿਬਾਨ ਦੇ 35 ਕੈਦੀਆਂ ਨੂੰ ਸਦਭਾਵ ਦੇ ਤੌਰ ਉੱਤੇ ਛੱਡੇਗਾ। ਇਹ ਕਦਮ ਸ਼ਾਂਤੀ ਤੇ ਜੰਗ ਲਈ ਸਰਕਾਰ ਦੀ ਮਜ਼ਬੂਤ ਇੱਛਾ ਸ਼ਕਤੀ ਦਾ ਸਪਸ਼ਟ ਸੰਕੇਤ ਹੈ।

## ਪ੍ਰਿਅੰਕਾ ਚੋਪੜਾ ਉਤੇ 'ਨਿਊਕਲੀਅਰ ਵਾਰ' ਨੂੰ ਹੱਲਾਸ਼ੇਰੀ ਦਾ ਦੋਸ਼

ਲਾਸ ਏਂਜਲਸ, 12 ਅਗਸਤ (ਪੋਸਟ ਬਿਊਰੋ)- ਇਕ ਪਾਕਿਸਤਾਨੀ ਔਰਤ ਨੇ ਲਾਸ ਏਂਜਲਸ 'ਚ ਇਕ ਪ੍ਰੋਗਰਾਮ ਦੌਰਾਨ ਪ੍ਰਿਅੰਕਾ ਚੋਪੜਾ ਉਤੇ ਉਨ੍ਹਾਂ ਦੇ ਦੇਸ਼ ਖਿਲਾਫ ਐਟਮੀ ਯੁੱਧ ਨੂੰ ਉਕਸਾਵਾ ਦੇਣ ਦਾ ਦੋਸ਼ ਲਗਾਇਆ ਹੈ।

ਅਸਲ ਵਿੱਚ ਪ੍ਰਿਅੰਕਾ ਚੋਪੜਾ ਬਿਊਟੀਕਾਨ ਫੈਸਟੀਵਲ ਲਾਸ ਏਂਜਲਸ 2019 ਵਿੱਚ ਸਰੋਤਿਆਂ ਦੇ ਸੁਆਲਾਂ ਦੇ ਜਵਾਬ ਦੇ ਰਹੀ ਸੀ। ਇਸ ਦੌਰਾਨ ਦਰਸ਼ਕਾਂ 'ਚੋਂ ਇਕ ਪਾਕਿਸਤਾਨੀ ਔਰਤ ਨੇ ਅਜਿਹਾ ਸੁਆਲ ਕੀਤਾ, ਜਿਸ ਨਾਲ ਲੋਕ ਦੰਗ ਰਹਿ ਗਏ। ਔਰਤ ਨੇ ਕਿਹਾ ਕਿ ਤੁਸੀਂ ਯੂ ਐਨ ਦੀ ਗੁਡਵਿਲ ਅੰਬੈਸਡਰ ਹੋ ਅਤੇ ਪਾਕਿਸਤਾਨ ਵਿੱਚ 'ਨਿਊਕਲੀਅਰ ਵਾਰ' ਨੂੰ ਹੱਲਾਸ਼ੇਰੀ ਦੇ ਰਹੇ ਹੋ। ਇਕ ਪਾਕਿਸਤਾਨੀ ਹੋਣ ਦੇ ਨਾਤੇ ਮੇਰੇ ਵਰਗੇ ਕਰੋੜਾਂ ਲੋਕਾਂ ਨੇ ਤੁਹਾਡੀ ਤੁਹਾਡੇ ਕਾਰੋਬਾਰ 'ਚ ਮਦਦ ਕੀਤੀ ਹੈ। ਅਸਲ ਵਿੱਚ ਉਹ ਔਰਤ ਪ੍ਰਿਅੰਕਾ ਦੇ ਫਰਵਰੀ 2019 'ਚ ਬਾਲਾਕੋਟ ਏਅਰ ਸਟ੍ਰਾਈਕ ਦੇ ਬਾਅਦ ਕੀਤੇ ਗਏ ਟਵੀਟ ਦੇ ਬਾਰੇ ਗੱਲ ਕਰ ਰਹੀ ਸੀ, ਜਿਸ ਵਿੱਚ ਪ੍ਰਿਅੰਕਾ ਨੇ ਭਾਰਤੀ ਹਵਾਈ ਸੈਨਾ ਦੇ ਹੱਕ 'ਚ ਟਵੀਟ ਕੀਤਾ ਅਤੇ ਲਿਖਿਆ ਸੀ, ਜੈ ਹਿੰਦ। ਔਰਤ ਦੇ ਸੁਆਲ ਦੇ ਜਵਾਬ 'ਚ ਪ੍ਰਿਅੰਕਾ ਨੇ ਕਿਹਾ ਕਿ ਮੇਰੇ ਪਾਕਿਸਤਾਨ 'ਚ ਕਈ ਦੋਸਤ ਹਨ ਅਤੇ ਭਾਰਤ ਵਿੱਚ ਵੀ ਹਨ। ਯੁੱਧ ਅਜਿਹੀ ਚੀਜ਼ ਨਹੀਂ, ਜਿਸ ਦੀ ਮੈਂ ਸ਼ੌਕੀਨ ਹੋਵਾਂ, ਪਰ ਦੇਸ਼ ਭਗਤ ਜ਼ਰੂਰ ਹਾਂ। ਮੈਂ ਮੁਆਫੀ ਮੰਗਦੀ ਹਾਂ, ਜੇ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ, ਜੋ ਮੈਨੂੰ ਪਸੰਦ ਕਰਦੇ ਹਨ। ਉਸ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸਾਡੇ ਵਿੱਚ ਇਕ ਵਿਚਕਾਰਲਾ ਰਸਤਾ ਹੁੰਦਾ ਹੈ, ਜਿਸ 'ਤੇ ਅਸੀਂ ਚੱਲਣਾ ਹੁੰਦਾ ਹੈ।

# ਪਾਕਿ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਨੁਕਸਾਨਿਆ, ਦੋ ਜਣੇ ਗ੍ਰਿਫਤਾਰ

ਲਾਹੌਰ, 12 ਅਗਸਤ (ਪੋਸਟ ਬਿਊਰੋ)- ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 180ਵੀਂ ਬਰਸੀ ਮੌਕੇ 27 ਜੂਨ ਨੂੰ ਲਾਹੌਰ ਸ਼ਹਿਰ ਦੇ ਸ਼ਾਹੀ ਕਿਲ੍ਹੇ 'ਚ ਲੱਗੇ ਹਏਏ ਮਹਾਰ-ਾਜਾ ਰਣਜੀਤ ਸਿੰਘ ਦੇ ਆਦਮ ਕੱਦ ਬੁੱਤ ਦਾ ਨੁਕਸਾਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਲਾਹੌਰ ਪੁਲਸ ਨੇ ਬੁੱਤ ਨੂੰ ਨੁਕਸਾਨ ਪੁਚਾਉਣ ਦੇ ਦੋਸ਼ 'ਚ ਮੌਲਾਨਾ ਖਈਮ ਰਿਜ਼ਵੀ ਦੇ ਕੱਟੜਪੰਥੀ ਸੰਗਠਨ ਪਾਕਿਸਤਾਨ ਤਹਿਰੀਕ ਲੱਬੈਕ ਨਾਲ ਜੁੜੇ ਅਦਨਾਨ ਮੁਗਲ ਤੇ ਅਸਦ ਅਹਿਮਦ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੇ ਮੰਨਿਆ ਹੈ ਕਿ ਭਾਰਤ ਵੱਲੋਂ ਕਸ਼ਮੀਰ ਵਿੱਚ ਧਾਰਾ 370 ਅਤੇ 35-ਏ ਨੂੰ ਖਤਮ ਕਰਨ ਦੇ ਰੋਸ ਵਜੋਂ ਉਨ੍ਹਾਂ ਮਹਾਰਾਜਾ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਹੈ।

ਪਾਕਿਸਤਾਨੀ ਮੀਡੀਆ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਪੁਲਸ ਨੇ ਦੋਸ਼ੀਆਂ ਖਿਲਾਫ ਕੁਫਰ ਕਾਨੂੰਨ ਦਾ ਕੇਸ ਦਰਜ ਕੀਤਾ ਹੈ, ਜਿਸ ਹੇਠ ਦੋਸ਼ੀਆਂ ਨੂੰ ਉਮਰ ਕੈਦ ਜਾਂ ਫਾਂਸੀ ਤੱਕ ਸਜ਼ਾ ਹੋ ਸਕਦੀ ਹੈ। ਇਸ ਦੌਰਾਨ ਲਾਹੌਰ ਕਿਲ੍ਹੇ ਦਾ ਪ੍ਰਬੰਧ ਵੇਖਣ ਵਾਲੀ 'ਵਰਲਡ ਸਿਟੀ ਆਫ ਲਾਹੌਰ ਅਥਾਰਟੀ' ਦੀ ਸਪੋਕਸਪਰਸਨ ਤਾਨੀਆ ਕੁਰੈਸ਼ੀ ਨੇ ਇਸ ਘਟਨਾ ਉਤੇ ਹੈਰਾਨੀ ਪ੍ਰਗਟ ਕਰਦਿਆਂ ਈਦ ਦੀਆਂ ਛੁੱਟੀਆਂ ਬਾਅਦ ਬੁੱਤ ਦੀ ਮੁਰੰਮਤ ਕਰਾਉਣ ਦਾ ਭਰੋਸਾ ਦਿੱਤਾ ਹੈ। ਪਤਾ ਲੱਗਾ ਹੈ ਕਿ ਬੁੱਤ ਵਾਲਾ ਹਿੱਸਾ ਆਮ ਲੋਕਾਂ ਲਈ ਬੰਦ ਕਰ ਦਿੱਤਾ ਗਿਆ ਹੈ ਅਤੇ ਬੁੱਤ ਦੀ ਮੁਰੰਮਤ ਦੇ ਬਾਅਦ ਟੂਰਿਸਟਾਂ ਨੂੰ ਇਸ ਪਾਸੇ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ।



ਸਥਿਤੀ ਦਾ ਜਾਇਜ਼ਾ ਲੈਣ ਲਈ ਕਿਲ੍ਹੇ 'ਚ ਗਏ ਪਾਕਿਸਤਾਨੀ ਪੰਜਾਬ ਦੇ ਸਾਹਿਤਕਾਰ ਮੁਨੀਰ ਹੁਸ਼ਿਆਰਪੁਰੀਆ ਨੇ ਦਾਅਵਾ ਕੀਤਾ ਕਿ ਲਾਹੌਰ ਸ਼ਾਹੀ ਕਿਲ੍ਹੇ ਵਿਚਲੀ ਮਾਈ ਜਿੰਦਾ ਹਵੇਲੀ, ਜੋ ਸਿੱਖ ਗੈਲਰੀ ਵਿੱਚ ਤਬਦੀਲ ਕਰ ਦਿੱਤੀ ਗਈ ਹੈ, ਵਿੱਚ ਵਾਲਡ ਸਿਟੀ ਆਫ ਲਾਹੌਰ ਅਥਾਰਟੀ (ਪੰਜਾਬ ਸਰਕਾਰ) ਵੱਲੋਂ ਸਿੱਖ ਹੈਰੀਟੇਜ ਫਾਊਂਡੇਸ਼ਨ ਯੂ ਕੇ ਦੇ ਸਹਿਯੋਗ ਨਾਲ ਲਾਇਆ ਗਿਆ ਬੁੱਤ ਬਿਲਕੁਲ ਠੀਕ ਹਾਲਤ 'ਚ ਹੈ ਅਤੇ ਇਸ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਹੀਂ ਹੋਇਆ। ਇਸ ਬੁੱਤ ਦੀ ਰੋਜ਼ ਸਾਫ ਸਫਾਈ ਕਰਨ ਵਾਲੇ ਕਰਮਚਾਰੀਆਂ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ ਕਿ ਫਾਈਬਰ ਗਲਾਸ ਅਤੇ ਕਾਂਸੇ ਦੇ ਬਣੇ ਉਕਤ ਬੁੱਤ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪੁਹੰਚਾਇਆ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਬਰਸਾਤ ਦੇ ਮੌਸਮ ਕਾਰਨ ਬੁੱਤ ਦਾ ਅਸਲ ਰੰਗ ਖਰਾਬ ਹੋ ਰਿਹਾ ਹੈ, ਜਿਸ ਦੇ ਲਈ ਬੁੱਤ ਦੀ ਰੋਜ਼ ਸਫਾਈ ਕਰਨ ਦੇ ਹੁਕਮ ਜਾਰੀ ਹੋਏ ਹਨ।

ਵਰਨਣ ਯੋਗ ਹੈ ਕਿ ਇਸ ਬੁੱਤ ਨੂੰ ਸਿੱਖ ਗੈਲਰੀ 'ਚ ਲਵਾਉਣ 'ਚ ਮੁੱਖ ਭੂਮਿਕਾ ਨਿਭਾਉਣ ਵਾਲੇ ਸਿੱਖ ਹੈਰੀਟੇਜ ਫਾਊਂਡੇਸ਼ਨ ਯੂ ਕੇ ਦੇ ਡਾਇਰੈਕਟਰ ਬੌਬੀ ਸਿੰਘ ਬਾਂਸਲ ਵੱਲੋਂ ਮਹਾਰ-ਾਜਾ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼ੂਦੀਨ ਦੇ ਵਾਰਸ ਤੇ ਲਾਹੌਰ ਦੇ ਭਾਟੀ ਦਰਵਾਜ਼ਾ ਵਾਲੇ ਫਕੀਰਖਾਨਾ ਮਿਊਜ਼ੀਅਮ ਦੇ ਡਾਇਰੈਕਟਰ ਫਕੀਰ ਸੈਫੂਦੀਨ ਤੋਂ ਇਹ ਬੁੱਤ ਬਣਵਾ ਕੇ ਸ਼ਾਹੀ ਕਿਲ੍ਹੇ ਦੇ ਪ੍ਰਬੰਧਕਾਂ ਨੂੰ ਤੋਹਫੇ ਵਿੱਚ ਦਿੱਤਾ ਗਿਆ ਹੈ। ਲਗਭਗ 9 ਫੁੱਟ ਉਚਾ ਇਹ ਬੁੱਤ ਦੋ ਫੁੱਟ ਉਚੇ ਥੜ੍ਹੇ ਉੱਤੇ ਸਥਾਪਤ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਤੋੜ ਭੰਨ ਦੀ ਖਬਰ ਪ੍ਰਮੁੱਖਤਾ ਨਾਲ ਛਾਪਣ ਵਾਲੇ ਪਾਕਿਸਤਾਨੀ ਉਰਦੂ ਤੇ ਅੰਗਰੇਜ਼ੀ ਅਖਬਾਰ ਨੇ ਹੀ ਬੀਤੇ ਦਿਨੀਂ ਜ਼ਿਲਾ ਨਾਰੋਵਾਲ ਦੇ ਪਿੰਡ ਬਾਠਾਂਵਾਲਾ 'ਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਧਾਰਮਿਕ ਯਾਦਗਾਰ ਢਾਹੇ ਜਾਣ ਦੀ ਖਬਰ ਦਿੱਤੀ ਸੀ, ਜਦ ਕਿ ਬਾਅਦ 'ਚ ਇਕ ਇੱਕ ਅਖਬਾਰ ਵੱਲੋਂ ਇਸ ਮਾਮਲੇ 'ਚ ਨਿਭਾਈ ਭੂਮਿਕਾ ਦੇ ਨਾਲ ਸਾਫ ਹੋਇਆ ਸੀ ਕਿ ਉਹ ਯਾਦਗਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਹੀਂ, ਭਿੰਡਰ ਪਰਵਾਰ ਦੀ ਨਿੱਜੀ ਜਗੀਰ ਸੀ।

# ਹਾਂਗਕਾਂਗ ਵਿੱਚ ਚੀਨ ਵਿਰੋਧੀ ਪ੍ਰਦਰਸ਼ਨ ਕਰਦੇ ਲੋਕਾਂ ਉਤੇ ਪੁਲਸ ਨੇ ਹੰਝੂ ਗੈਸ ਦੇ ਗੋਲੇ ਛੱਡੇ

ਹਾਂਗਕਾਂਗ, 12 ਅਗਸਤ (ਪੋਸਟ ਬਿਊਰੋ)- ਹਾਂਗਕਾਂਗ 'ਚ ਲਗਾਤਾਰ 10ਵੇਂ ਹਫਤੇ ਲੋਕਤੰਤਰ ਸਮਰਥਕ ਅਤੇ ਚੀਨ ਵਿਰੋਧੀ ਹਜ਼ਾਰਾਂ ਪ੍ਰਦਰਸ਼ਨਕਾਰੀ ਬੀਤੇ ਦਿਨ ਸੜਕਾਂ ਉਤੇ ਉਤਰੇ। ਇਸ ਦੌਰਾਨ ਪ੍ਰਦਰਸ਼ਨਕਾਰੀਆ ਨੂੰ ਤਿੱਤਰ-ਬਿੱਤਰ ਕਰਨ ਲਈ ਪੁਲਸ ਨੇ ਹੰਝੂ ਗੈਸ ਦੇ ਗੋਲੇ ਛੱਡੇ।



ਪੁਲਸ ਨੇ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਨੇ ਆਵਾਜਾਈ ਨੂੰ ਜਾਮ ਕਰ ਦਿੱਤਾ ਅਤੇ ਅਧਿਕਾਰੀਆਂ ਉੱਤੇ ਇੱਟਾਂ ਸੁੱਟੀਆਂ। ਪ੍ਰਦਰਸ਼ਨਕਾਰੀਆਂ ਨੇ ਸ਼ੈਮ ਸ਼ੁਈ ਪੋ ਖੇਤਰ ਨੂੰ ਛੱਡਣ ਦੀ ਚਿਤਾਵਨੀ ਨੂੰ ਅਣਦੇਖਿਆ ਕੀਤਾ, ਜਿਸ ਦੇ ਬਾਅਦ ਹੰਝੂ ਗੈਸ ਦੇ ਗੋਲੇ ਛੱਡੇ ਗਏ। ਗੈਸ ਮਾਸਕ ਪਹਿਨੀ ਪ੍ਰਦਰਸ਼ਨਕਾਰੀ ਕੱਲ੍ਹ ਚੇਉਗ ਸ਼ਾ ਵਾਨ ਵਿੱਚ ਇੱਕ ਪੁਲਸ ਸਟੇਸ਼ਨ ਦੇ ਬਾਹਰ ਇਕੱਠੇ ਹੋ ਗਏ। ਗਰਮ ਮੌਸਮ ਅਤੇ ਪੁਲਸ ਵੱਲੋਂ ਲਾਈ ਪਾਬੰਦੀ ਦੇ ਬਾਵਜੂਦ ਕੱਲ੍ਹ ਦੁਪਹਿਰ ਸੈਂਕੜੇ ਲੋਕ ਇਸ ਸ਼ਹਿਰ ਦੇ ਵਿਕਟੋਰੀਆ ਪਾਰਕ ਵਿੱਚ ਇਕੱਠੇ ਹੋਏ। ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਵਿਕਟੋਰੀਆ ਪਾਰਕ ਵਿੱਚ ਇਕੱਠੇ ਹੋਣ ਦੀ ਇਜਾਜ਼ਤ ਦਿੱਤੀ ਹੈ, ਪਰ ਹਾਂਗਕਾਂਗ ਦੇ ਪੂਰਬੀ ਹਿੱਸੇ ਵਿੱਚ ਮਾਰਚ ਕੱਢਣ ਦੀ ਉਨ੍ਹਾਂ ਦੀ ਮੰਗ ਠੁਕਰਾ ਦਿੱਤੀ ਹੈ।

ਹਾਂਗਕਾਂਗ 'ਚ ਖੁੱਲ੍ਹੀ ਲੋਕਤੰਤਰਿਕ ਆਜ਼ਾਦੀ ਦੀ ਮੰਗ ਕਰ ਰਹੇ ਲੋਕ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ ਜਦ ਕਿ ਹਾਂਗਕਾਂਗ ਦੇ ਨੇਤਾ ਨੇ ਸਾਫ ਕਹਿ ਦਿੱਤਾ ਹੈ ਕਿ ਉਹ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੇਗੀ। ਇੱਕ ਪ੍ਰਦਰਸ਼ਨਕਾਰੀ ਵੋਂਗ ਨੇ ਕਿਹਾ, ਪੁਲਸ ਨੂੰ ਮਾਰਚ ਕੱਢਣ ਦੀ ਮੰਗ ਠੁਕਰਾਉਣ ਦੀ ਥਾਂ ਲੋਕ ਸੁਰੱਖਿਆ ਬਣਾਈ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਸੀਂ ਹਾਲੇ ਵੀ ਇਥੇ ਹਾਂ ਅਤੇ ਅਸੀਂ ਦੇਖਾਂਗੇ ਕਿ ਕੀ ਬਾਅਦ ਵਿੱਚ ਮਾਰਚ ਕੱਢ ਸਕਦੇ ਹਾਂ ਕਿ ਨਹੀਂ। ਹਾਂਗਕਾਂਗ 'ਚ ਲੋਕਤੰਤਰ ਸਮਰਥਕਾਂ ਨੇ ਆਪਣੇ ਪ੍ਰਦਰਸ਼ਨ ਦੀ ਰਣਨੀਤੀ ਬਦਲ ਲਈ ਹੈ।

## ਕਸ਼ਮੀਰ ਵੱਲ ਧਿਆਨ ਦੇਣ ਦੀ ਚਿੱਠੀ ਲਿਖ ਕੇ ਫਸ ਗਏ ਅਮਰੀਕੀ ਐਮ ਪੀ

ਵਾਸ਼ਿੰਗਟਨ, 12 ਅਗਸਤ (ਪੋਸਟ ਬਿਊਰੋ)- ਅਮਰੀਕਾ 'ਚ ਵੱਸਦੇ ਭਾਰਤੀ ਲੋਕ ਡੈਮੋਕਰੇਟਿਕ ਪਾਰਟੀ ਦੇ ਐਮ ਪੀ ਟੌਮ ਸੂਜੀ ਨਾਲ ਨਾਰਾਜ਼ ਹੋ ਗਏ ਹਨ। ਸੂਜੀ ਨੇ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੂੰ ਪੱਤਰ ਲਿਖ ਕੇ ਟਰੰਪ ਪ੍ਰਸ਼ਾਸਨ ਨੂੰ ਕਸ਼ਮੀਰ ਦੇ ਮੁੱਦੇ ਵੱਲ ਧਿਆਨ ਦੇਣ ਦੀ ਮੰਗ ਕੀਤੀ ਸੀ।

ਬੀਤੀ ਨੌਂ ਅਗਸਤ ਨੂੰ ਲਿਖੇ ਪੱਤਰ 'ਚ ਪਾਰਲੀਮੈਂਟ ਮੈਂਬਰ ਟੌਮ ਸੂਜੀ ਨੇ ਕਿਹਾ ਹੈ ਕਿ ਭਾਰਤ ਸਰਕਾਰ ਦੇ ਤਾਜ਼ਾ ਕਦਮ ਨਾਲ ਕਸ਼ਮੀਰ ਵਿੱਚ ਜਨਤਾ ਦਾ ਚੈਨ ਖਤਮ ਹੋ ਗਿਆ ਹੈ ਤੇ ਕਈ ਤਰ੍ਹਾਂ ਦੇ ਖਤਰੇ ਪੈਦਾ ਹੋ ਗਏ ਹਨ। ਨਿਊਯਾਰਕ ਵਿੱਚ ਐਮ ਪੀ ਸੂਜੀ ਨੇ ਕਿਹਾ ਹੈ ਕਿ ਕਸ਼ਮੀਰ ਦੀ ਖੁਦਮੁਖਤਾਰੀ ਖਤਮ ਕਰਨ ਵਾਲੇ ਭਾਰਤ ਸਰਕਾਰ ਦੇ ਫੈਸਲੇ ਨਾਲ ਕਸ਼ਮੀਰੀ ਲੋਕਾਂ ਦੇ ਕਦਮ ਅੱਤਵਾਦ ਵੱਲ ਵਧਣਗੇ। ਸੂਜੀ ਨਿਊਯਾਰਕ ਦੇ ਜਿਸ ਇਲਾਕੇ ਦੀ ਅਗਵਾਈ ਕਰਦੇ ਹਨ, ਉਥੇ ਵੱਡੀ ਗਿਣਤੀ ਵਿੱਚ ਭਾਰਤੀ ਲੋਕ ਵੱਸਦੇ ਹਨ। ਅਮੈਰੀਕਨ ਇੰਡੀਆ ਪਬਲਿਕ ਅਫੇਅਰਸ ਕਮੇਟੀ ਦੇ ਪ੍ਰੈਜ਼ੀਡੈਂਟ ਜਗਦੀਸ਼ ਸੇਵਹਾਨੀ ਨੇ ਕਿਹਾ, ਪਾਰਲੀਮੈਂਟ ਮੈਂਬਰ ਸੂਜੀ ਦੇ ਪੱਤਰ ਨਾਲ ਭਾਰਤੀਆਂ ਨੂੰ ਵੱਡਾ ਝਟਕਾ ਲੱਗਾ ਹੈ। ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ ਤੇ ਉਸ ਬਾਰੇ ਫੈਸਲਾ ਲੈਣਾ ਭਾਰਤ ਦਾ ਅੰਦਰੂਨੀ ਮਾਮਲਾ ਹੈ। ਇਸ ਮੁੱਦੇ ਲਈ ਸੂਜੀ ਨੂੰ ਪੌਂਪੀਓ ਨੂੰ ਲਿਖਿਆ ਆਪਣਾ ਪੱਤਰ ਬਿਨਾਂ ਦੇਰ ਵਾਪਸ ਲੈਣਾ ਚਾਹੀਦਾ ਹੈ।

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL Chevron Delo
BEST TRUCK REPAIR & TIRE CENTRE
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਕਸ਼ਮੀਰੀ ਲੜਕੀਆਂ ਦੀ ਸੁਰੱਖਿਆ ਲਈ ਸ਼੍ਰੋਮਣੀ ਕਮੇਟੀ ਵੀ ਅੱਗੇ ਆਈ



ਅੰਮ੍ਰਿਤਸਰ, 12 ਅਗਸਤ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਹਟਾਏ ਜਾਣ ਪਿੱਛੋਂ ਵੱਖ-ਵੱਖ ਥਾਈਂ ਰਹਿ ਰਹੀਆਂ ਕਸ਼ਮੀਰੀ ਲੜਕੀਆਂ ਦੀ ਸੁਰੱਖਿਆ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅੱਗੇ ਆਈ ਅਤੇ ਐਲਾਨ ਕੀਤਾ ਹੈ ਕਿ ਕਸ਼ਮੀਰ ਦੀਆਂ ਜਿਹੜੀਆਂ ਬੱਚੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਤੇ ਵਿਦਿਅਕ ਅਦਾਰਿਆਂ ਵਿਚ ਆਉਣਗੀਆਂ, ਉਨ੍ਹਾਂ ਦੀ ਸੁਰੱਖਿਆ ਦਾ ਪੱਕਾ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਬਿਨਾ ਇਨ੍ਹਾਂ ਲੜਕੀਆਂ ਨੂੰ ਆਪੋ-ਆਪਣੇ ਘਰੀਂ ਪਹੁੰਚਾਉਣ ਲਈ ਵੀ ਸ਼੍ਰੋਮਣੀ ਕਮੇਟੀ ਪ੍ਰਬੰਧ ਕਰੇਗੀ।

ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਅੱਜ ਏਥੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਕਹੇ ਅਨੁਸਾਰ ਕਸ਼ਮੀਰੀ ਲੜਕੀਆਂ ਲਈ ਸੁਰੱਖਿਆ ਲਈ ਸਭ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਥਾਈਂ ਰਹਿ ਰਹੀਆਂ ਕਸ਼ਮੀਰੀ ਲੜਕੀਆਂ ਵਿਚ ਸਹਿਮ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ, ਇਸ ਲਈ ਓਥੋਂ ਦੀਆਂ ਲੜਕੀਆਂ ਸਾਰੇ ਦੇਸ਼ ਲਈ ਸਤਿਕਾਰ ਯੋਗ ਹਨ ਤੇ ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹਨ ਤੇ ਖ਼ਾਸ ਕਰ ਇਸਤਰੀ ਦੀ ਕਦਰ ਸਿੱਖਾਂ ਦਾ ਪਰਮ ਕਰਤੱਵ ਹੈ। ਉਨ੍ਹਾਂ ਇਤਿਹਾਸ ਦੇ ਹਵਾਲੇ ਨਾਲ ਕਿਹਾ ਕਿ ਜਦੋਂ ਅਬਦਾਲੀ ਵੇਲੇ ਔਰਤਾਂ ਨੂੰ ਉਠਾਇਆ ਜਾ ਰਿਹਾ ਸੀ, ਸਿੱਖਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਉਨ੍ਹਾਂ ਨੂੰ ਛੁਡਵਾ ਕੇ ਘਰੋ-ਘਰੀਂ ਪੁਚਾਇਆ ਸੀ। ਡਾ: ਰੂਪ ਸਿੰਘ ਨੇ ਕਿਹਾ ਕਿ ਜੰਮੂ- ਕਸ਼ਮੀਰ ਦੀਆਂ ਧੀਆਂ ਪ੍ਰਤੀ ਮੰਦੀ ਭਾਸ਼ਾ ਬੋਲਣ ਵਾਲੇ ਲੋਕ ਮਨੁੱਖਤਾ ਦੇ ਨਾਂ ਉੱਤੇ ਕਲੰਕ ਹਨ ਤੇ ਏਦਾਂ ਕਰਕੇ ਉਹ ਆਪਣੀ ਬੌਣੀ ਮਾਨਸਿਕ ਪ੍ਰਗਟ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਪ੍ਰਧਾਨ ਲੌਂਗੋਵਾਲ ਨੇ ਆਦੇਸ਼ ਕੀਤਾ ਹੈ ਕਿ ਕਸ਼ਮੀਰੀ ਬੱਚੀਆਂ ਦੀ ਹਰ ਮਦਦ ਕੀਤੀ ਜਾਵੇ ਤੇ ਜੋ ਬੱਚੀਆਂ ਆਪੋ-ਆਪਣੇ ਘਰੀਂ ਜਾਣਾ ਚਾਹੁਣ, ਉਨ੍ਹਾਂ ਨੂੰ ਭੇਜਣ ਦੇ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਅਤੇ ਵਿਦਿਅਕ ਅਦਾਰਿਆਂ ਨੂੰ ਸੂਚਿਤ ਕਰ ਦਿੱਤਾ ਹੈ ਤੇ ਇੱਥੇ ਜੋ ਬੱਚੀਆਂ ਆਉਣਗੀਆਂ, ਉਨ੍ਹਾਂ ਦੀ ਰਿਹਾਇਸ਼, ਲੰਗਰ ਅਤੇ ਉਨ੍ਹਾਂ ਨੂੰ ਸੁਰੱਖਿਅਤ ਪੁਚਾਉਣ ਦੀ ਜ਼ਿੰਮੇਵਾਰੀ ਨਿਭਾਈ ਜਾਵੇਗੀ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

# ਕਰਾਚੀ ਵਿੱਚ ਮੀਕਾ ਸਿੰਘ ਦੇ ਪ੍ਰੋਗਰਾਮ ਨਾਲ ਵਿਵਾਦ ਛਿੜ ਗਿਆ



ਕਰਾਚੀ, 12 ਅਗਸਤ (ਪੋਸਟ ਬਿਊਰੋ)- ਉਘੇ ਭਾਰਤੀ ਗਾਇਕ ਮੀਕਾ ਸਿੰਘ ਵੱਲੋਂ ਕਰਾਚੀ ਦੇ ਅਰਬਪਤੀ ਦੀ ਬੇਟੀ ਦੇ ਵਿਆਹ ਵਿੱਚ ਪ੍ਰੋਗਰਾਮ ਪੇਸ਼ ਕਰਨ ਤੋਂ ਵਿਵਾਦ ਪੈਦਾ ਹੋ ਗਿਆ ਹੈ।

ਦੱਸਿਆ ਜਾਂਦਾ ਹੈ ਕਿ ਇਹ ਅਰਬਪਤੀ ਪਾਕਿਸਤਾਨ ਦੇ ਸਾਬਕਾ ਫੌਜੀ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦਾ ਨੇੜੂ ਹੈ। ਜੰਮੂ ਕਸ਼ਮੀਰ ਵਿੱਚ ਧਾਰਾ 370 ਖਤਮ ਕੀਤੇ ਜਾਣ ਤੋਂ ਨਾਰਾਜ਼ ਹੋਏ ਪਾਕਿਸਤਾਨ ਨੇ ਭਾਰਤ ਨਾਲ ਆਪਣੇ ਕੂਟਨੀਤਕ ਰਿਸ਼ਤੇ ਘਟਾ ਦਿੱਤੇ ਹਨ। ਇੱਕ ਅਖਬਾਰ ਦੀ ਖਬਰ ਮੁਤਾਬਕ 42 ਸਾਲਾ ਮੀਕਾ ਆਪਣੇ ਗਰੁੱਪ ਨਾਲ ਰਸੂਖ ਵਾਲੇ ਅਰਬਪਤੀ ਦੀ ਬੇਟੀ ਦੇ ਵਿਆਹ ਵਿੱਚ ਪ੍ਰੋਗਰਾਮ ਪੇਸ਼ ਕਰਨ ਆਇਆ ਸੀ। ਉਸ ਨੇ ਅੱਠ ਅਗਸਤ ਨੂੰ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਸ਼ਾਮਲ ਹੋਏ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਵੀਡੀਓ ਅਪਲੋਡ ਕਰਨ ਨਾਲ ਪਾਕਿਸਤਾਨ ਵਿੱਚ ਉਸ ਦੀ ਮੌਜੂਦਗੀ ਦਾ ਪਤਾ ਲੱਗਾ। ਵਿਰੋਧੀ ਧਿਰ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਸਈਦ ਖੁਰਸ਼ੀਦ ਨੇ ਕਿਹਾ ਕਿ ਸਰਕਾਰ ਨੂੰ ਇਹ ਪਤਾ ਲਾਉਣਾ ਚਾਹੀਦਾ ਹੈ ਕਿ ਭਾਰਤੀ ਗਾਇਕ ਅਤੇ ਉਸ ਦੇ 14 ਮੈਂਬਰੀ ਗਰੁੱਪ ਨੂੰ ਸੁਰੱਖਿਆ ਬਾਰੇ ਕਿਸ ਨੇ ਪ੍ਰਵਾਨਗੀ ਦਿੱਤੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਭਾਰਤੀ ਫਿਲਮਾਂ, ਨਾਟਕਾਂ ਅਤੇ ਪ੍ਰੋਗਰਾਮ 'ਤੇ ਰੋਕ ਲੱਗੀ ਹੋਈ ਹੈ ਅਤੇ ਜੇ ਰੋਕ ਤੋਂ ਪਹਿਲਾਂ ਉਸ ਨੂੰ ਵੀਜ਼ਾ ਮਿਲਿਆ ਸੀ ਤਾਂ ਉਹ ਰੱਦ ਹੋਣਾ ਚਾਹੀਦਾ ਸੀ। ਕਿਹਾ ਜਾ ਰਿਹਾ ਹੈ ਕਿ ਲਾੜਾ ਮੀਕੇ ਦਾ ਵੱਡਾ ਪ੍ਰਸ਼ੰਸਕ ਹੈ ਅਤੇ ਉਹ ਉਸ ਦਾ ਲਾਈਵ ਪ੍ਰੋਗਰਾਮ ਵੇਖਣਾ ਚਾਹੁੰਦਾ ਸੀ। ਉਸ ਦੀ ਇੱਛਾ ਕਾਰਨ ਹੀ ਕੁੜੀ ਵਾਲਿਆਂ ਨੇ ਉਸ ਨੂੰ ਵੀਜ਼ਾ ਦਿਵਾਇਆ ਅਤੇ ਸੁਰੱਖਿਆ ਦਾ ਪ੍ਰਬੰਧ ਕੀਤਾ ਸੀ। ਮੀਕਾ ਨੂੰ ਲਗਭਗ 150,000 ਅਮਰੀਕੀ ਡਾਲਰਾਂ ਦਾ ਭੁਗਤਾਨ ਕੀਤਾ ਗਿਆ। ਉਸ ਦੇ ਪ੍ਰੋਗਰਾਮ ਕਾਰਨ ਉਸ ਦੇ ਭਾਰਤੀ ਪ੍ਰਸ਼ੰਸਕ ਵੀ ਖਫ਼ਾ ਹਨ।

# ਭੂ-ਮਾਫੀਆ ਨੇ ਮਰਹੂਮ ਵਿਧਾਇਕ ਦੀ ਕਰੋੜਾਂ ਰੁਪਏ ਦੀ ਕੋਠੀ ਵੀ ਹੜੱਪ ਲਈ

ਮੋਗਾ, 12 ਅਗਸਤ (ਪੋਸਟ ਬਿਊਰੋ)- ਇਥੇ ਭੂ-ਮਾਫੀਆ ਨੇ ਜਾਅਲੀ ਦਸਤਾਵੇਜ਼ਾਂ ਨਾਲ ਇਕ ਮਰਹੂਮ ਵਿਧਾਇਕ ਦੀ ਕਰੋੜਾਂ ਰੁਪਏ ਮੁੱਲ ਦੀ ਕੋਠੀ ਹੜੱਪਣ ਦੇ ਬਾਅਦ ਇਕ ਡਾਕਟਰ ਨੂੰ ਵੇਚ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਇਥੋਂ ਦੇ ਮਰਹੂਮ ਵਿਧਾਇਕ ਮਾਸਟਰ ਸੋਹਣ ਸਿੰਘ ਦੀਆਂ ਸੱਤ ਧੀਆਂ ਵਿੱਚੋਂ ਦੋ ਦੀ ਮੌਤ ਚੁੱਕੀ ਹੈ ਅਤੇ ਬਾਕੀ ਵਿਦੇਸ਼ ਵਿੱਚ ਹਨ। ਵਿਧਾਇਕ ਦੀ ਮੌਤ ਪਿੱਛੋਂ ਉਨ੍ਹਾਂ ਦੀ ਕਰੋੜਾਂ ਰੁਪਏ ਦੀ ਕੋਠੀ ਦਾ ਵਿਰਾਸਤ ਇੰਤਕਾਲ ਉਨ੍ਹਾਂ ਦੀਆਂ ਧੀਆਂ ਅਤੇ ਚੰਡੀਗੜ੍ਹ 'ਚ ਵਕਾਲਤ ਕਰਦੇ ਉਨ੍ਹਾਂ ਦੇ ਦੋਹਤੇ ਵਿਕਰਮਜੀਤ ਸਿੰਘ ਤੇ ਵਿਸ਼ਵਜੀਤ ਸਿੰਘ ਰਿਸ਼ੀ ਦੇ ਨਾਂ ਹੋ ਗਿਆ ਸੀ। ਭੂ-ਮਾਫੀਆ ਨੇ ਇਨ੍ਹਾਂ ਦੋਵਾਂ ਵਕੀਲਾਂ ਸਮੇਤ ਸਾਰੇ ਵਾਰਸਾਂ ਦੇ ਜਾਅਲੀ ਆਧਾਰ ਕਾਰਡ ਤਿਆਰ ਬਣਾਏ ਅਤੇ ਤਹਿਸੀਲਦਾਰ ਅੱਗੇ ਜਾਅਲੀ ਵਿਅਕਤੀ ਪੇਸ਼ ਕਰਕੇ ਦੋ ਅਗਸਤ 2017 ਨੂੰ ਕੋਠੀ ਦੀ ਰਜਿਸਟਰੀ ਕਰਵਾ ਲਈ ਤੇ ਅੱਗੇ ਇਕ ਡਾਕਟਰ ਨੂੰ ਵੇਚ ਦਿੱਤੀ ਹੈ। ਇਨ੍ਹਾਂ ਦੋਵਾਂ ਵਕੀਲਾਂ ਦੀ ਸ਼ਿਕਾਇਤ ਉਤੇ ਜ਼ਿਲਾ ਪੁਲਸ ਮੁਖੀ ਨੇ ਵਿਭਾਗੀ ਜ਼ਿਲਾ ਆਰਥਿਕ ਅਪਰਾਧ ਸ਼ਾਖਾ (ਈ ਓ ਵਿੰਗ) ਨੂੰ ਜਾਂਚ ਦਾ ਆਦੇਸ਼ ਦਿੱਤਾ ਹੈ। ਮਾਲ ਵਿਭਾਗ ਨੇ ਇਸ ਬਹੁ-ਕਰੋੜੀ ਕੋਠੀ ਦੇ ਮਨਜ਼ੂਰ ਕੀਤੇ ਇੰਤਕਾਲ 29 ਜੁਲਾਈ ਨੂੰ ਰੱਦ ਕਰ ਦਿੱਤੇ ਹਨ। ਈ ਓ (ਆਰਥਿਕ ਅਪਰਾਧ) ਵਿੰਗ ਦੇ ਮੁਖੀ ਤੇਜਿੰਦਰ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜਾਂਚ ਪੂਰੀ ਹੋਣ ਤੋਂ ਪਹਿਲਾਂ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਇਥੇ ਭੂ-ਮਾਫੀਆ ਵੱਲੋਂ ਸ਼ਹਿਰ 'ਚ ਗਿਰਜਾਘਰ ਦੀ ਕਰੀਬ 100 ਕਰੋੜ ਤੋਂ ਵੱਧ ਦੀ ਵਪਾਰਕ ਜਾਇਦਾਦ ਹੜੱਪਣ ਦੇ ਮਾਮਲੇ 'ਚ ਸਿਆਸਤਦਾਨਾਂ ਤੇ ਪੁਲਸ ਅਫਸਰਾਂ ਦੇ ਨਾਂਅ ਉਛਲ ਰਹੇ ਹਨ।

# ਇੱਕ ਕਰੋੜ ਦੀ ਪੁਰਾਣੀ ਕਰੰਸੀ ਨਾਲ ਦੋ ਜਣੇ ਗ੍ਰਿਫਤਾਰ

ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਇੱਕ ਕਰੋੜ ਰੁਪਏ ਦੀ ਪੁਰਾਣੀ ਕਰੰਸੀ ਸਮੇਤ ਚੰਡੀਗੜ੍ਹ ਪੁਲਸ ਨੇ ਜਲੰਧਰ ਜ਼ਿਲ੍ਹੇ ਦੇ ਦੋ ਅਤੇ ਕਰਨਾਲ ਦੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਤਿੰਨਾਂ ਤੋਂ ਪਿਸਟਲ, ਤੇਜ਼ਧਾਰ ਹਥਿਆਰ ਅਤੇ ਜ਼ਿੰਦਾ ਕਾਰਤੂਸ ਵੀ ਮਿਲੇ ਹਨ। ਸੈਕਟਰ 39 ਥਾਣਾ ਪੁਲਸ ਨੇ ਡਿਊਟੀ ਮੈਜਿਸਟਰੇਟ ਤੋਂ ਦੋਸ਼ੀਆਂ ਨੂੰ ਤਿੰਨ ਦਿਨ ਦੇ ਰਿਮਾਂਡ 'ਤੇ ਲਿਆ ਹੈ। ਪੁਲਸ ਇਹ ਪਤਾ ਲਗਾਉਣਾ ਚਾਹੁੰਦੀ ਹੈ ਕਿ ਗਿਰੋਹ ਵਿੱਚ ਹੋਰ ਕੌਣ ਲੋਕ ਹਨ।

ਪਤਾ ਲੱਗਾ ਹੈ ਕਿ ਆਜ਼ਾਦੀ ਦਿਵਸ ਦੇ ਮੱਦੇਨਜ਼ਰ ਪੁਲਸ ਨੇ ਚੰਡੀਗੜ੍ਹ ਵਿੱਚ ਵਿਸ਼ੇਸ਼ ਸੁਰੱਖਿਆ ਸ਼ੁਰੂ ਕੀਤੀ ਸੀ ਅਤੇ ਸੈਕਟਰ 39 ਥਾਣਾ ਦੀ ਪੁਲਸ ਰਾਤ ਕਰੀਬ 11 ਵਜੇ ਏਰੀਆ ਵਿੱਚ ਗਸ਼ਤ ਕਰ ਰਹੀ ਸੀ। ਉਸ ਨੂੰ ਸੂਚਨਾ ਮਿਲੀ ਕਿ ਮੋਹਾਲੀ ਤੋਂ ਇੱਕ ਕਾਰ ਵਿੱਚ ਪੁਰਾਣੀ ਕਰੰਸੀ ਲੈ ਕੇ ਤਿੰਨ ਜਣੇ ਚੰਡੀਗੜ੍ਹ ਵਿੱਚ ਪੰਜਾਬ ਯੂਨੀਵਰਸਿਟੀ ਵੱਲ ਆ ਰਹੇ ਹਨ। ਪੁਲਸ ਨੇ ਸੈਕਟਰ 40-41 ਦੀ ਡਿਵਾਈਡਿੰਗ ਰੋਡ 'ਤੇ ਨਾਕਾ ਲਾ ਕੇ ਰਾਤ 12.10 ਮਿੰਟ 'ਤੇ ਕਾਰ ਨੂੰ ਰੋਕਿਆ ਤੇ ਉਸ ਦੇ ਸਵਾਰ ਕਰਨਾਲ, ਹਰਿਆਣਾ ਦੇ ਅੰਮ੍ਰਿਤਪਾਲ ਅਤੇ ਜਲੰਧਰ ਦੇ ਮਨਜਿੰਦਰ ਸਿੰਘ ਅਤੇ ਸ਼ਿਵਨਾਥ ਸਿੰਘ ਨੂੰ ਫੜ ਲਿਆ। ਤਲਾਸ਼ੀ ਦੌਰਾਨ ਉਨ੍ਹਾਂ ਤੋਂ 32 ਬੋਰ ਦੀ ਪਿਸਟਲ ਅਤੇ ਦੋ ਚਾਕੂ ਬਰਾਮਦ ਹੋਏ। ਪੁਲਸ ਨੇ ਜਦ ਗੱਡੀ ਚੈਕ ਕੀਤੀ ਤਾਂ ਅੰਦਰੋਂ ਇੱਕ ਕਰੋੜ ਰੁਪਏ ਦੀ ਪੁਰਾਣੀ ਕਰੰਸੀ ਮਿਲੀ, ਜਿਸ ਦੇ ਬਾਰੇ ਦੋਸ਼ੀ ਗੋਲਮੋਲ ਜਵਾਬ ਦੇਣ ਲੱਗੇ। ਪੁਲਸ ਨੇ ਸਾਰੇ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਦੋਸ਼ੀਆਂ ਦਾ ਪੁਰਾਣੀ ਕਰੰਸੀ ਨਾਲ ਕੀ ਸੰਬੰਧ ਹੈ। ਇਸ ਦੇ ਨਾਲ ਦੋਸ਼ੀਆਂ ਦੇ ਗਿਰੋਹ ਵਿੱਚ ਹੋਰ ਕੌਣ ਲੋਕ ਹਨ। ਦੋਸ਼ੀ ਅੰਮ੍ਰਿਤਪਾਲ ਦਾ ਨਾਂਅ ਚੰਡੀਗੜ੍ਹ ਵਿੱਚ ਦਰਜ ਹਰਿਆਣਾ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦੇ ਪੇਪਰ ਲੀਕ ਕੇਸ ਵਿੱਚ ਵੀ ਹੈ। ਉਸ ਨੇ ਐੱਮ ਬੀ ਏ ਕੀਤੀ ਹੋਈ ਹੈ ਅਤੇ ਕੰਪਿਊਟਰ ਆਪਰੇਟਰ ਦਾ ਕੰਮ ਕਰਦਾ ਹੈ। ਜਲੰਧਰ ਜ਼ਿਲੇ ਦੇ ਫਿਲੌਰ ਨੇੜੇ ਪਿੰਡ ਅੱਟਾ ਦਾ ਮਨਜਿੰਦਰ ਸਿੰਘ 12ਵੀਂ ਪਾਸ ਹੈ। ਉਹ ਸੋਲਰ ਪੈਨਲ ਬਣਾਉਣ ਦਾ ਕੰਮ ਕਰਦਾ ਹੈ। ਜਲੰਧਰ ਦੇ ਪਿੰਡ ਕੁਲਾਰਾ ਸ਼ਿਵਨਾਥ ਸ਼ਾਹ ਸੱਤਵੀਂ ਪਾਸ ਹੈ ਅਤੇ ਆਟਾ ਚੱਕੀ ਚਲਾਉਂਦਾ ਹੈ। ਪੁਲਸ ਮੁਤਾਬਕ ਗ੍ਰਿਫਤਾਰ ਤਿੰਨਾਂ ਦੋਸ਼ੀਆਂ ਨੇ ਸਾਲ 2016 ਵਿੱਚ ਨੋਟਬੰਦੀ ਸਮੇਂ ਲੋਕਾਂ ਤੋਂ ਪੁਰਾਣੀ ਕਰੰਸੀ ਬਦਲਾਉਣ ਲਈ ਫੜੀ ਸੀ, ਪਰ ਉਸ ਦੇ ਬਾਅਦ ਉਨ੍ਹਾਂ ਨੇ ਇਹ ਪੈਸੇ ਵਾਪਸ ਨਹੀਂ ਕੀਤੇ ਅਤੇ ਸਖਤੀ ਹੋਣ ਕਾਰਨ ਆਪਣੇ ਕੋਲ ਸੰਭਾਲ ਕੇ ਰੱਖੇ।

# ਥਾਣਾ ਸਦਰ ਖੰਨਾ ਦੇ ਮੁਨਸ਼ੀ ਤੋਂ ਹੈਰੋਇਨ ਖਰੀਦ ਕੇ ਵੇਚਣ ਜਾਂਦੇ ਦੋ ਕਾਬੂ

*** ਐਸ ਟੀ ਐਫ ਨੇ ਮੁਨਸ਼ੀ ਵੀ ਗ੍ਰਿਫਤਾਰ ਕਰ ਲਿਆ**



ਲੁਧਿਆਣਾ, 12 ਅਗਸਤ (ਪੋਸਟ ਬਿਊਰੋ)- ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਦੀ ਲੁਧਿਆਣਾ ਟੀਮ ਨੇ ਪੰਜਾਬ ਪੁਲਸ ਦੇ ਹੌਲਦਾਰ ਅਤੇ ਉਸ ਦੇ ਦੋ ਸਾਥੀਆਂ ਨੂੰ ਪੌਣੇ ਚਾਰ ਕਰੋੜ ਰੁਪਏ ਦੀ ਹੈਰੋਇਨ ਸਮੇਤ ਫੜਿਆ ਹੈ।

ਇਸ ਸੰਬੰਧ ਵਿੱਚ ਏ ਆਈ ਜੀ ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਪੁਲਸ ਨੂੰ ਮੁਖਬਰ ਨੇ ਦੱਸਿਆ ਸੀ ਕਿ ਮੋਤੀ ਨਗਰ ਇਲਾਕੇ ਵਿੱਚ ਦੋ ਨੌਜਵਾਨ ਕਾਰ ਵਿੱਚ ਹੈਰੋਇਨ ਦੀ ਖੇਪ ਲੈ ਕੇ ਗ੍ਰਾਹਕਾਂ ਨੂੰ ਦੇਣ ਆ ਰਹੇ ਹਨ ਤਾਂ ਉਨ੍ਹਾਂ ਨੇ ਰਾਮ ਦਰਬਾਰ ਮੰਦਰ ਦੇ ਨੇੜੇ ਕਾਰ ਦੀ ਚੈਕਿੰਗ ਲਈ ਰੋਕਿਆ, ਜਿਸ ਵਿੱਚ ਦੋ ਨੌਜਵਾਨ ਸਵਾਰ ਸਨ। ਜਦ ਪੁਲਸ ਨੇ ਕਾਰ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 400 ਗਰਾਮ ਹੈਰੋਇਨ ਦੀ ਖੇਪ ਮਿਲੀ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਦੋ ਕਰੋੜ ਰੁਪਏ ਕੀਮਤ ਅੰਕੀ ਜਾ ਰਹੀ ਹੈ। ਕਾਰ ਸਵਾਰ ਨੌਜਵਾਨਾਂ ਦੀ ਪਛਾਣ ਅਮਨਦੀਪ ਸਿੰਘ ਮੌਲੀ (22) ਪੁੱਤਰ ਮਨਪ੍ਰੀਤ ਸਿੰਘ ਵਾਸੀ ਨਿਊ ਕਿਦਵਈ ਨਗਰ ਅਤੇ ਵਿਕਾਸ ਕੁਮਾਰ ਲਾਟਾ (29) ਪੁੱਤਰ ਬ੍ਰਜ ਮੋਹਨ ਵਾਸੀ ਮੁਹੱਲਾ ਰਿਸ਼ੀ ਨਗਰ ਟਿੱਬਾ ਵਜੋਂ ਹੋਈ। ਪੁੱਛਗਿੱਛ ਵਿੱਚ ਅਮਨਦੀਪ ਸਿੰਘ ਨੇ ਦੱਸਿਆ ਕਿ ਉਹ ਇਹ ਹੈਰੋਇਨ ਥਾਣਾ ਸਦਰ ਖੰਨਾ ਦੇ ਮੁਨਸ਼ੀ ਹੌਲਦਾਰ ਗਗਨਦੀਪ ਸਿੰਘ ਗੱਗੀ ਪੁੱਤਰ ਅਮਰਜੀਤ ਸਿੰਘ ਵਾਸੀ ਮੁਹੱਲਾ ਗੁਰੂ ਤੇਗ ਬਹਾਦਰ, ਲਲਹੇੜੀ ਰੋਡ ਖੰਨਾ ਤੋਂ ਥੋਕ ਦੇ ਭਾਅ ਖਰੀਦ ਕੇ ਲਿਆਏ ਹਨ। ਐਸ ਟੀ ਐਫ ਨੇ ਡੀ ਐਸ ਪੀ ਸੁਰਿੰਦਰ ਕੁਮਾਰ ਦੀ ਅਗਵਾਈ ਵਿੱਚ ਖੰਨਾ ਵਿੱਚ ਰੇਡ ਕੀਤੀ ਅਤੇ ਹੌਲਦਾਰ ਗਗਨਦੀਪ ਸਿੰਘ ਨੂੰ ਸਦਰ ਥਾਣਾ ਖੰਨਾ ਨੇੜੇ ਉਸ ਦੀ ਕਾਰ ਤੋਂ ਕਾਬੂ ਕਰ ਲਿਆ। ਜਦ ਪੁਲਸ ਨੇ ਉਸ ਕਾਰ ਦੀ ਤਲਾਸ਼ੀ ਲਈ ਤਾਂ ਵਿੱਚੋਂ ਕਰੀਬ ਪੌਣੇ ਦੋ ਕਰੋੜ ਦੀ 385 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਐਸ ਟੀ ਐਫ ਨੇ ਗਗਨਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।




## ਲੜਕੀ ਦੀ ਲੋੜ

ਨਾਈ ਵੈਸ਼ਨੋ ਲੜਕਾ, ਉਮਰ 25 ਸਾਲ, 5'-7" ਮਾਸਟਰ ਡਿਗਰੀ ਅਕਾਊਂਟਸ ਆਸਟਰੇਲੀਆ ਲਈ ਕੈਨੇਡਾ ਜਾ ਆਸਟਰੇਲੀਆ ਵਿੱਚ ਰਹਿੰਦੀ ਮਾਸਟਰ ਡਿਗਰੀ ਵਾਲੀ ਸੁੰਦਰ ਤੇ ਵੈਸ਼ਨੋ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-261-3212

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟ੍ਰਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

## ਲੜਕੀ ਦੀ ਲੋੜ

ਜਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ।
ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days a Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਆਪਣੀਆਂ ਭੈਣਾਂ ਤੋਂ ਘੱਟ ਨਹੀਂ ਸੀ ਨਰਿੰਦਰ ਕੌਰ

–ਹਰਦਿਆਲ ਸਿੰਘ ਥੂਹੀ–

ਪੰਜਾਬੀ ਸੰਗੀਤ ਜਗਤ ਵਿੱਚ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਭੈਣਾਂ ਕਿਸੇ ਰਸਮੀ ਜਾਣ ਪਛਾਣ ਦੀਆਂ ਮੁਥਾਜ ਨਹੀਂ, ਜਿਨ੍ਹਾਂ ਨੇ ਸਾਂਝੇ ਤੌਰ 'ਤੇ ਅਤੇ ਇਕੱਲੇ-ਇਕੱਲੇ ਵੀ ਪੰਜਾਬੀ ਸੰਗੀਤ ਦੇ ਖੇਤਰ ਵਿੱਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਵੱਡਮੁੱਲਾ ਯੋਗਦਾਨ ਪਾਇਆ ਹੈ। ਆਮ ਲੋਕਾਂ ਨੂੰ ਘੱਟ ਹੀ ਪਤਾ ਹੈ ਕਿ ਇਨ੍ਹਾਂ ਦੀ ਇਕ ਹੋਰ ਭੈਣ ਵੀ ਗਾਉਂਦੀ ਸੀ। ਉਸ ਦੀ ਕਾਫੀ ਰਿਕ-ਾਰਡਿੰਗ ਮਿਲਦੀ ਹੈ, ਜੋ ਸੋਲੋ ਗੀਤਾਂ ਤੇ ਵੱਖ-ਵੱਖ ਗਾਇਕਾਂ ਨਾਲ ਦੋਗਾਣਿਆਂ ਦੇ ਰੂਪ ਵਿੱਚ ਹੈ। ਇਹ ਸੀ ਨਰਿੰਦਰ ਕੌਰ, ਜੋ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਤੋਂ ਛੋਟੀ ਸੀ।

ਨਰਿੰਦਰ ਕੌਰ ਦਾ ਜਨਮ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਘਰ 15 ਦਸੰਬਰ 1935 ਨੂੰ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਹੋਇਆ। ਵੱਡੀਆਂ ਭੈਣਾਂ ਨੂੰ ਦੇਖ ਸੁਣ ਕੇ ਛੋਟੀ ਨਰਿੰਦਰ ਨੂੰ ਵੀ ਸੰਗੀਤ ਦੀ ਲਗਨ ਲੱਗ ਗਈ। ਬਾਲੜੀ ਉਮਰ ਵਿੱਚ ਉਸ ਨੇ ਸੁਰਿੰਦਰ ਕੌਰ ਨਾਲ ਪ੍ਰਸਿੱਧ ਸੰਗੀਤਕਾਰ ਅਨਾਇਤ ਹੁਸੈਨ ਖਾਂ ਤੋਂ ਸੰਗੀਤ ਦੀ ਮੁੱਢਲੀ ਤਾਲੀਮ ਹਾਸਲ ਕੀਤੀ। ਸਕੂਲੀ ਪੜ੍ਹਾਈ ਦੇ ਨਾਲ-ਨਾਲ ਉਹ ਸੰਗੀਤ ਸਿੱਖਦੀ ਗਈ। ਇਸ ਤਰ੍ਹਾਂ ਲਾਹੌਰ ਵਿਖੇ ਹੀ ਗਿਆਰਾਂ ਬਾਰਾਂ ਸਾਲ ਦੀ ਉਮਰ ਵਿੱਚ ਉਹ ਗਾਉਣ ਲੱਗ ਪਈ। ਦੇਸ਼ ਵੰਡ ਕਾਰਨ ਪਰਵਾਰ ਲਾਹੌਰ ਤੋਂ ਫਿਰੋਜ਼ਪੁਰ ਹੁੰਦਾ ਹੋਇਆ ਦਿੱਲੀ ਆ ਗਿਆ। ਇਥੇ ਨਰਿੰਦਰ ਕੌਰ ਪੜ੍ਹਾਈ ਦੇ ਨਾਲ ਆਪਣਾ ਗਾਉਣ ਦਾ ਸ਼ੌਕ ਪਾਲਦੀ ਰਹੀ। ਪੜ੍ਹਾਈ ਪੂਰੀ ਕਰ ਕੇ ਉਹ ਸਕੂਲ ਅਧਿਆਪਕਾ ਬਣੀ ਅਤੇ ਦਿੱਲੀ ਦੇ ਇਕ ਸਕੂਲ ਵਿੱਚ ਸੇਵਾ ਨਿਭਾਈ। ਉਹ ਪ੍ਰਕਾਸ਼ ਕੌਰ ਤੇ ਸੁਰਿੰ-ਦਰ ਕੌਰ ਵਾਂਗ ਪੱਕੇ ਤੌਰ ਉਤੇ ਗਾਇਕੀ ਨਾਲ ਭਾਵੇਂ ਨਾ ਜੁੜੀ, ਫੇਰ ਵੀ ਉਸ ਨੇ ਮੌਕੇ ਅਨੁਸਾਰ ਸਟੇਜ ਪ੍ਰੋਗਰਾਮ ਕੀਤੇ ਅਤੇ ਰਿਕਾਰਡਿੰਗ ਵੀ ਕਰਵਾਈ। ਇਥੇ ਹੀ ਉਸ ਦਾ ਵਿਆਹ ਮਹਿੰਦਰ ਸਿੰਘ ਨਾਲ ਹੋਇਆ, ਜੋ ਅਮਰੀਕੀ ਦੂਤਘਟ ਵਿੱਚ ਤਾਇਨਾਤ ਸਨ। ਇਸ ਜੋੜੇ ਦੇ ਦੋ ਪੁੱਤਰ ਗੁਰਿੰਦਰ ਸਿੰਘ ਤੇ ਰੁਪਿੰਦਰ ਸਿੰਘ ਹੋਏ।

ਨਰਿੰਦਰ ਕੌਰ ਨੇ ਜਿਥੇ ਕੁਝ ਸੋਲੋ ਗੀਤ ਰਿਕਾਰਡ ਕਰਵਾਏ, ਉਥੇ ਕਈ ਗਾਇਕਾਂ ਨਾਲ ਦੋਗਾਣੇ ਵੀ ਰਿਕਾਰਡ ਕਰਵਾਏ। ਸ਼ੁਰੂ ਵਿੱਚ ਪ੍ਰਸਿੱਧ ਰੇਡੀਓ ਕਲਾਕਾਰ ਕੇ ਐਸ ਅਗਨੀਹੋਤਰੀ ਨਾਲ ਉਸ ਦੇ ਕੁਝ ਗੀਤ ਕੋਲੰਬੀਆ ਰਿਕ-ਾਰਡਿੰਗ ਕੰਪਨੀ ਵਿੱਚ ਰਿਕਾਰਡ ਹੋਏ। ਅਗਨੀਹੋਤਰੀ ਤੋਂ ਇਲਾਵਾ ਨਰਿੰਦਰ ਕੌਰ ਦੀ ਹਜ਼ਾਰਾ ਸਿੰਘ ਰਮਤਾ, ਨਿਰਮਲ ਸਿੰਘ ਨਿਰਮਲ, ਨਿਰੰਜਣ ਸਿੰਘ ਨਿਰੰਜਣ, ਇੰਦਰਜੀਤ ਸ਼ਰਮਾ, ਗੁਰਮੇਲ ਸਿੰਘ ਪੰਛੀ ਤੇ ਅਜੀਤ ਸਿੰਘ ਰੰਗੀਲਾ ਜੱਟ ਨਾਲ ਵੀ ਰਿਕਾਰਡਿੰਗ ਮਿਲਦੀ ਹੈ। ਗਾਇਕਾਂ ਵਿੱਚੋਂ ਉਸ ਦੀ ਸਭ ਤੋਂ ਵੱਧ ਰਿਕਾਰਡਿੰਗ ਗੁਰਮੇਲ



ਸਿੰਘ ਪੰਛੀ ਨਾਲ ਹੋਈ। ਉਸ ਦੀ ਕੁਝ ਰਿਕਾਰਡਿੰਗ ਨਰਿੰਦਰ ਕੌਰ ਦੇ ਨਾਂ ਹੇਠ ਅਤੇ ਕੁਝ ਨਰਿੰਦਰ ਪਾਲੀ ਦੇ ਨਾਂ ਹੇਠ ਉਪਲੱਬਧ ਹੈ।

ਨਰਿੰਦਰ ਕੌਰ ਦੀ ਆਵਾਜ਼ ਦੀ ਕੁਆਲਿਟੀ ਉਸ ਸਮੇਂ ਦੀਆਂ ਕਈ ਗਾਇਕਾਵਾਂ ਨਾਲੋਂ ਭਾਵੇਂ ਚੰਗੀ ਸੀ, ਪਰ ਉਸ ਨੇ ਖੁੱਲ੍ਹ ਕੇ ਨਹੀਂ ਗਾਇਆ। ਉਸ ਦੀ ਗਾਇਕੀ ਗਿਣਾਤਮਕ ਪੱਖੋਂ ਘੱਟ ਹੋਣ ਦੇ ਬਾਵਜੂਦ ਗੁਣਾਂ ਦੇ ਪੱਖੋਂ ਘੱਟ ਨਹੀਂ। ਨਰਿੰਦਰ ਕੌਰ ਦੀ ਆਵਾਜ਼ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨਾਲ ਮਿਲਦੀ ਹੋਣ ਕਰਕੇ ਆਮ ਲੋਕ ਉਸ ਦੇ ਗਾਏ ਗੀਤਾਂ ਨੂੰ ਸੁਰਿੰਦਰ ਕੌਰ ਜਾਂ ਪ੍ਰਕਾਸ਼ ਕੌਰ ਦੇ ਸਮਝਦੇ ਸੀ। ਇਸ ਕਰਕੇ ਉਸ ਦੇ ਗਾਏ ਗੀਤ ਆਮ ਤੌਰ 'ਤੇ ਸੁਰਿੰਦਰ ਕੌਰ ਜਾਂ ਪ੍ਰਕਾਸ਼ ਕੌਰ ਦੇ ਖਾਤੇ ਪੈਂਦੇ ਰਹੇ। ਸਿਰਫ ਉਹ ਸਰੋਤੇ ਹੀ ਇਹ ਆਵਾਜ਼ਾਂ ਪਛਾਣਦੇ ਸਨ ਜੋ ਜਾਂ ਤਾਂ ਤਵਿਆਂ ਤੋਂ ਪੜ੍ਹ ਲੈਂਦੇ ਸਨ ਜਾਂ ਬਾਰੀਕੀ ਨਾਲ ਆਵਾਜ਼ਾਂ ਦਾ ਵਖਰੇਵਾਂ ਕਰਦੇ ਸਨ। ਉਸ ਦੇ ਨਾਂ ਹੇਠਲੀ ਰਿਕਾਰਡਿੰਗ ਅਨੁਸਾਰ ਉਸ ਨੇ ਗਿਆਨ ਚੰਦ ਧਵਨ, ਗੌਰੀ ਸ਼ੰਕਰ ਸਾਕੀ, ਹਰਦੇਵ ਸਿੰਘ ਦਿਲਗੀਰ, ਚਰਨ ਸਿੰਘ ਸਫਰੀ, ਬਾਬੂ ਸਿੰਘ ਮਾਨ, ਗੁਰਬਖਸ਼ ਸਿੰਘ ਦਰਪਨ, ਮੁਖਤਿਆਰ ਸਿੰਘ ਸ਼ੌਂਕੀ, ਭਜਨ ਸਿੰਘ ਭਜਨ ਆਦਿ ਗੀਤਕਾਰਾਂ ਦੇ ਗੀਤਾਂ ਨੂੰ ਆਵਾਜ਼ਾਂ ਦਿੱਤੀਆਂ ਹਨ। ਇਨ੍ਹਾਂ ਵਿੱਚੋਂ ਕੁਝ ਗੀਤਾਂ ਦੇ ਮੁਖੜੇ ਹਨ, ਸੋਲੋ ਗੀਤ ਹਨ:

* ਨੀ ਗਿੱਧੇ ਵਿੱਚ ਨੱਚਦੀ ਦਾ,
ਮੇਰਾ ਡਿੱਗ ਪਿਆ ਗੁੱਤ ਦਾ ਪਰਾਂਦਾ।
* ਵੀਰ ਲਿਆਇਆ ਨੀ, ਫੁੱਲ ਵਰਗੀ ਭਰਜਾਈ।
* ਮੇਰੇ ਪੈਰਾਂ ਵਿੱਚ ਛਣਕਣ ਛੱਲੇ
* ਮੈਥੋਂ ਹਾਣ ਦੇ ਮੁੰਡੇ ਨਾਲ ਹੱਸ ਹੋ ਗਿਆ
* ਮੈਨੂੰ ਘੁੰਡ ਕੱਢਣਾ ਨਾ ਆਵੇ
ਕਿ ਸਹੁਰਿਆਂ ਦਾ ਪਿੰਡ ਆ ਗਿਆ
* ਪਾਣੀ ਆਇਆ ਪੁਲਾਂ ਦੇ ਹੇਠ ਮਾਹੀਆ
* ਹਈ ਸ਼ਾਵਾ ਤੇਰੇ ਘਰ ਨਹੀਂ ਵੱਸਣਾ
* ਬੱਲੇ-ਬੱਲੇ ਬਈ ਨਵੀਂ ਵਹੁਟੀ ਦੁੱਧ ਰਿੜਕੇ
* ਛੁੱਟੀ ਆਉਣਾ ਅੱਜ ਮੇਰੇ ਬਾਂਕੇ ਢੋਲ ਨੇ
* ਇਕ ਮੁੰਡੇ ਦੀ ਚੀਜ਼ ਗੁਆਚੀ,
ਭਲਕੇ ਫੇਰ ਥਿਆਵੇਗੀ।

ਨਰਿੰਦਰ ਕੌਰ ਵੱਲੋਂ ਗਾਏ ਦੋਗਾਣਿਆਂ ਵਿੱਚ ਸ਼ਾਮਲ ਹਨ:

* ਮੈਨੂੰ ਡਾਚੀ 'ਤੇ ਬਿਠਾ ਲੈ ਬਾਂਹ ਫੜ ਕੇ,
ਪਿੰਡ ਜਾ ਕੇ ਭਾੜਾ ਲੈ ਲਵੀਂ
* ਮੰਗੀ ਸੀ ਮੈਂ ਮੱਝ ਲਿਆਇਓਂ ਬੱਕਰੀ ਅੜਿਆ
* ਚੰਨਾ ਮੈਂ ਦੋਵੇਂ ਹੱਥ ਬੰਨ੍ਹਾਂ
ਕਿ ਪਾਣੀ ਸਾਨੂੰ ਭਰ ਲੈਣ ਦੇ
* ਰਾਤੀਂ ਤੇਰੀ ਗੁੱਤ ਲਮਕੇ
ਸਾਨੂੰ ਸੱਪਣੀ ਦੇ ਪੈਣ ਭੁਲੇਖੇ
* ਮੈਂ ਜੱਟੀ ਮੁਟਿਆਰ ਖਿੜੀ ਗੁਲਜ਼ਾਰ
* ਮੇਰਾ ਮਾਹੀ ਨੀ ਤਵੇ ਤੋਂ ਕਾਲਾ,
ਚਿੱਟੀ ਮੈਂ ਕਪਾਹ ਵਰਗੀ
* ਹਾਲ ਓ ਰੱਬਾ ਛੜੇ-ਛੜੇ ਕਾਸਨੂੰ ਬਣਾਏ
* ਬੋਲ-ਬੋਲ-ਬੋਲ ਨੀ ਤੂੰ ਹੱਸ ਕੇ ਤਾਂ ਬੋਲ
* ਕਦੇ ਹਾਕ ਨਾ ਚੰਦਰੀਏ ਮਾਰੀ,
ਚੂੜੇ ਵਾਲੀ ਬਾਂਹ ਕੱਢ ਕੇ।
* ਗੋਰਾ ਰੰਗ ਤੇ ਸ਼ਰਬਤੀ ਅੱਖੀਆਂ,
ਘੁੰਡ ਵਿੱਚ ਕੈਦ ਕੀਤੀਆਂ।

ਨਰਿੰਦਰ ਕੌਰ ਨੇ ਦੋਗਾਣੇ ਭਾਵੇਂ ਕਈ ਗਾਇਕਾਂ ਨਾਲ ਰਿਕਾਰਡ ਕਰਵਾਏ, ਪਰ ਸਟੇਜਾਂ 'ਤੇ ਇੱਕਾ ਦੁੱਕਾ ਗਾਇਕਾਂ ਨਾਲ ਹੀ ਗਾਇਆ। ਗੁਰਮੇਲ ਸਿੰਘ ਪੰਛੀ ਨਾਲ ਉਸ ਨੇ ਸਭ ਤੋਂ ਵੱਧ ਸਟੇਜ ਪ੍ਰੋਗਰਾਮ ਕੀਤੇ। ਇਸ ਤੋਂ ਇਲਾਵਾ ਉਸ ਨੇ ਫਿਲਮ 'ਲਾਵਾ ਫੁੱਟਿਆ' ਵਿੱਚ ਵੀ ਗੀਤ ਗਾਏ। ਉਸ ਦੇ ਗੀਤਾਂ ਲਈ ਸੰਗੀਤ ਕੇਸਰ ਸਿੰਘ ਨਰੂਲਾ ਅਤੇ ਸਤੀਸ਼ ਭਾਟੀਆ ਦਾ ਦਿੱਤਾ ਹੋਇਆ ਹੈ। ਨਰਿੰਦਰ ਕੌਰ ਨੇ ਪੰਜਾਬੀ ਤੋਂ ਬਿਨਾਂ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਨਾਲ ਅਰਬੀ ਤੇ ਚੀਨੀ ਵਿੱਚ ਵੀ ਗੀਤ ਗਾਏ। ਉਸ ਨੂੰ ਕਈ ਅਰਬ ਦੇਸ਼ਾਂ ਵਿੱਚ ਵੀ ਕਲਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਪੰਜਾਬੀ ਸੰਗੀਤ ਜਗਤ ਨੂੰ ਅਜੇ ਉਸ ਤੋਂ ਬਹੁਤ ਸਾਰੀਆਂ ਆਸਾਂ ਸਨ, ਪਰ ਸਮੇਂ ਤੋਂ ਪਹਿਲਾਂ ਹੀ ਬਵੰਜਾ ਕੁ ਸਾਲ ਦੀ ਉਮਰ ਵਿੱਚ 1987 ਵਿੱਚ ਉਹ ਇਸ ਫਾਨੀ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਈ। ਉਹ ਭਾਵੇਂ ਸਰੀਰਿਕ ਤੌਰ 'ਤੇ ਸਾਡੇ ਕੋਲੋਂ ਚਲੀ ਗਈ, ਪਰ ਉਸ ਦੀ ਆਵਾਜ਼ ਅਮਰ ਹੈ, ਜੋ ਤਵਿਆਂ ਤੇ ਕੈਸੇਟਾਂ ਦੇ ਰੂਪ ਵਿੱਚ ਸਾਡੇ ਕੋਲ ਮੌਜੂਦ ਹੈ।

## ਬਿਊਟੀ ਟਿਪਸ

ਗੁਲਾਬ ਜਲ ਇੱਕ ਨੈਚੁਰਲ ਟੋਨਰ ਦੀ ਤਰ੍ਹਾਂ ਕੰਮ ਕਰਦਾ ਹੈ। ਇਸ ਦੇ ਰੋਜ਼ ਇਸਤੇਮਾਲ ਨਾਲ ਚਿਹਰੇ ਤੋਂ ਕਿਲ, ਮੁਹਾਸੇ ਘੱਟ ਹੁੰਦੇ ਹਨ।

* ਗੁਲਾਬ ਜਲ ਵਿੱਚ ਕਈ ਐਂਟੀ ਸੈਪਟਿਕ ਪ੍ਰਾਪਰਟੀਜ਼ ਹੁੰਦੀਆਂ ਹਨ, ਜੋ ਅੱਖਾਂ ਨੂੰ ਧੂੜ-ਮਿੱਟੀ ਅਤੇ ਮੇਕਅਪ ਦੇ ਕੈਮੀਕਲਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਂਦਾ ਹੈ। ਇਸ ਦੇ ਲਈ ਰਾਤ ਨੂੰ ਰੂੰ ਨੂੰ ਗੁਲਾਬ ਜਲ ਵਿੱਚ ਭਿਉਂ ਕੇ ਚਿਹਰਾ ਸਾਫ ਕਰੋ।

* ਜੇ ਤੁਸੀਂ ਵੀ ਅੱਖਾਂ ਦੇ ਹੇਠਾਂ ਕਾਲੇ ਘੇਰਿਆਂ ਦੀ ਸਮੱਸਿਆ ਤੋਂ ਪਰੇਸ਼ਾਨ ਹੋ ਤਾਂ ਦੁੱਧ ਵਿੱਚ ਗੁਲਾਬ ਜਲ ਮਿਲਾ ਕੇ ਰੋਜ਼ ਰਾਤ ਨੂੰ ਲਗਾਓ, ਹੌਲੀ ਹੌਲੀ ਫਰਕ ਦਿਸਣਾ ਸ਼ੁਰੂ ਹੋ ਜਾਏਗਾ।

* ਉਲਝੇ-ਰੁੱਖੇ ਵਾਲਾਂ ਤੋਂ ਛੁਟਕਾਰਾ ਪਾਉਣ ਲਈ ਗੁਲਾਬ ਜਲ ਅਤੇ ਐਲੋਵੇਰਾ ਨੂੰ ਬਰਾਬਰ ਮਾਤਰਾ ਵਿੱਚ ਮਿਲਾ ਕੇ ਸਕੈਲਪ 'ਤੇ ਚੰਗੀ ਤਰ੍ਹਾਂ ਲਗਾਓ ਅਤੇ ਤੀਹ ਮਿੰਟ ਬਾਅਦ ਵਾਲ ਧੋ ਲਓ।

* ਸਿਰਦਰਦ ਹੋਣ 'ਤੇ ਗੁਲਾਬ ਜਲ ਦੇ ਛਿੱਟੇ ਅੱਖਾਂ 'ਤੇ ਮਾਰੋ ਅਤੇ ਰੂੰ ਭਿਉਂ ਕੇ ਥੋੜ੍ਹੀ ਦੇਰ ਬਾਅਦ ਸਿਰ 'ਤੇ ਰੱਖੋ। ਆਰਾਮ ਮਿਲੇਗਾ।

* ਇੱਕ ਚਮਚ ਵੇਸਣ ਵਿੱਚ ਕੱਚਾ ਦੁੱਧ ਅਤੇ ਗੁਲਾਬ ਜਲ ਮਿਲਾ ਕੇ ਪੇਸਟ ਬਣਾ ਕੇ ਚਿਹਰੇ 'ਤੇ ਲਗਾਓ ਅਤੇ ਸੁੱਕਣ ਦੇ ਬਾਅਦ ਧੋ ਲਓ, ਕੁਝ ਹੀ ਦਿਨਾਂ ਵਿੱਚ ਚਿਹਰਾ ਚਮਕਣ ਲੱਗੇਗਾ।

## ਰਸੋਈ– ਬਰੈੱਡ ਇਡਲੀ

ਸਮੱਗਰੀ-ਪੰਜ-ਛੇ ਬਰੈੱਡ ਸਲਾਈਸ, ਇੱਕ ਕੱਪ ਸੂਜੀ, ਦਹੀ ਅੱਧਾ ਕੱਪ, ਗਾਜਰ, ਪੱਤਾ ਗੋਭੀ, ਪਿਆਜ, ਟਮਾਟਰ, ਸ਼ਿਮਲਾ ਮਿਰਚ (ਕੱਟੇ ਹੋਏ) ਇੱਕ ਕੱਪ, ਨਮਕ, ਲਾਲ ਮਿਰਚ ਪਾਊਡਰ ਇੱਕ ਛੋਟਾ ਚਮਚ, ਗਰਮ ਮਸਾਲਾ ਅਤੇ ਚਾਟ ਮਸਾਲਾ ਸਵਾਦਅਨੁਸਾਰ, ਈਨੋ ਇੱਕ ਪਾਊਚ, ਇੱਕ ਵੱਡਾ ਚਮਚ ਤੇਲ।

ਵਿਧੀ- ਬਰੈੱਡ ਨੂੰ ਚਕੋਰ ਕੱਟ ਕੇ ਵਿਚਲਾ ਹਿੱਸਾ ਕੱਢ ਲਓ। ਬਾਊਲ ਵਿੱਚ ਸੂਜੀ, ਦਹੀ, ਨਮਕ ਪਾ ਕੇ ਅੱਧੇ ਘੰਟੇ ਤੱਕ ਰੱਖ ਦਿਓ। ਅੱਧੇ ਘੰਟੇ ਬਾਅਦ ਗਰਮ ਮਸਾਲਾ, ਲਾਲ ਮਿਰਚ ਪਾਊਡਰ, ਚਾਟ ਮਸਾਲਾ ਤੇ ਬਰੀਕ ਕੱਟੀਆਂ ਸਬਜ਼ੀਆਂ ਪਾ ਕੇ ਮਿਲਾ ਲਓ। ਅਖੀਰ ਵਿੱਚ ਈਨੋ ਪਾ ਕੇ ਮਿਸ਼ਰਣ ਨੂੰ ਚੰਗੀ ਤਰ੍ਹਾਂ ਮਿਕਸ ਕਰ ਲਓ। ਨਾਨਸਟਿਕ ਤਵੇ 'ਤੇ ਤੇਲ ਪਾ ਕੇ ਬਰੈੱਡ ਰੱਖੋ ਵਿਚਕਾਰ ਸੂਜੀ ਦਾ ਮਿਸ਼ਰਣ ਭਰ ਦਿਓ। ਢਕ ਕੇ ਪਕਾਓ, ਜਦ ਇੱਕ ਪਾਸੇ ਸੇਕਿਆ ਜਾਏ ਤਾਂ ਪਲਟ ਕੇ ਦੂਸਰੇ ਪਾਸੇ ਸੇਕੋ। ਵਿਚਕਾਰੋਂ ਇਟਲੀ ਫੁੱਲ ਜਾਏਗੀ। ਇਹ ਬਹੁਤ ਹੀ ਵਧੀਆ ਨਾਸ਼ਤਾ ਹੈ ਬੱਚਿਆਂ ਦੇ ਲਈ।

## ਕਾਨੂੰਨੀ ਨੋਟਿਸ

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੁਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੋਂਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

## ਹਲਕਾ ਫੁਲਕਾ

ਪਤੀ, ''ਤੂੰ ਗੱਲ ਗੱਲ 'ਤੇ ਮੇਰਾ-ਮੇਰਾ ਕਿਉਂ ਕਰਦੀ ਰਹਿੰਦੀ ਏਂ? ਤੈਨੂੰ ਸਾਡਾ ਕਹਿਣਾ ਚਾਹੀਦਾ ਹੈ। ਅਲਮਾਰੀ ਵਿੱਚ ਕੀ ਲੱਭ ਰਹੀ ਏਂ?''

ਪਤਨੀ, ''ਸਾਡੀ ਸਾੜ੍ਹੀ।''

*********

ਨਰਿੰਦਰ, ''ਬਜ਼ੁਰਗ ਕਹਿ ਗਏ ਹਨ।''

ਭਰਤ, ''ਕੀ?''

ਨਰਿੰਦਰ, ''ਇਹੋ ਕਿ ਨੂੰਹ, ਜਵਾਈ ਤੇ ਤਰਬੂਜ਼ ਅੰਦਰੋਂ ਕਿਹੋ ਜਿਹਾ ਨਿਕਲੇਗਾ, ਕੋਈ ਨਹੀਂ ਜਾਣਦਾ।''

*********

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
ਮਾਰਖਮ ਵਿੱਚ ਮਕੈਨਿਕ ਦੀ ਲੋੜ
• Full Time Heavy Equipment Mechanic (310T Preferred)
• Exp. with CAT equipment & Mack Trucks
• Company truck supplied
ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TEMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
⭑ Disability Insurance
⭑ Travel Insurance
⭑ Medical Benefits
⭑ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਸ਼ਾਹਰੁਖ ਦੀ ਬੇਟੀ ਸ਼ਾਰਟ ਫਿਲਮ ਨਾਲ ਡੈਬਿਊ ਕਰੇਗੀ



ਬਾਲੀਵੁੱਡ ਦੇ ਬਾਦਸ਼ਾਹ ਸ਼ਾਹਰੁਖ ਖਾਨ ਦੀ ਬੇਟੀ ਸੁਹਾਨਾ ਖਾਨ ਨੇ ਐਕਟਿੰਗ ਦੀ ਦੁਨੀਆ ਵੱਲ ਕਦਮ ਵਧਾ ਦਿੱਤਾ ਹੈ। ਉਹ ਜਲਦੀ ਹੀ ਅੰਗਰੇਜ਼ੀ ਸ਼ਾਰਟ ਫਿਲਮ 'ਦ ਗ੍ਰੇ ਪਾਰਟ ਆਫ ਬਲੂ' ਵਿੱਚ ਐਕਟਿੰਗ ਕਰਦੀ ਨਜ਼ਰ ਆਏਗੀ। ਇਹ ਜਾਣਕਾਰੀ ਫਿਲਮ ਦੇ ਡਾਇਰੈਕਟਰ ਤੇ ਉਸ ਦੇ ਸਹਿ-ਪਾਠੀ ਥਿਓਡੋਰ ਜਿਮੀਨੋ ਨੇ ਆਪਣੇ ਸੋਸ਼ਲ ਮੀਡੀਆ ਉੱਤੇ ਫਿਲਮ ਦਾ ਪਹਿਲਾ ਪੋਸਟਰ ਜਾਰੀ ਕਰਦੇ ਹੋਏ ਦਿੱਤੀ ਹੈ। ਸੁਹਾਨਾ ਨੇ ਪਿੱਛੇ ਜਿਹੇ ਲੰਡਨ ਦੇ ਇੱਕ ਕਾਲਜ ਤੋਂ ਬੀ ਏ ਦੀ ਡਿਗਰੀ ਲਈ ਹੈ ਅਤੇ ਫਿਲਹਾਲ ਨਿਊ ਯਾਰਕ ਵਿੱਚ ਐਕਟਿੰਗ ਦਾ ਕੋਰਸ ਕਰ ਰਹੀ ਹੈ। ਨਾਲ ਹੀ ਅਕਸਰ ਉਹ ਸੋਸ਼ਲ ਮੀਡੀਆ 'ਤੇ ਆਪਣੇ ਫੋਟੋ ਦੇ ਜ਼ਰੀਏ ਵੀ ਚਰਚਾ ਵਿੱਚ ਰਹਿੰਦੀ ਹੈ।

ਸ਼ਾਹਰੁਖ ਦੇ ਬੇਟੇ ਆਰੀਅਨ ਨੇ ਬੀਤੇ ਦਿਨੀਂ ਰਿਲੀਜ਼ ਹਾਲੀਵੁੱਡ ਫਿਲਮ 'ਦ ਲਾਇਨ ਕਿੰਗ' ਵਿੱਚ ਆਪਣੇ ਪਿਤਾ ਨਾਲ ਡਬਿੰਗ ਕੀਤੀ ਸੀ। ਪਿੱਛੇ ਜਿਹੇ ਇੱਕ ਇੰਟਰਵਿਊ ਵਿੱਚ ਸ਼ਾਹਰੁਖ ਨੇ ਇਹ ਜ਼ਿਕਰ ਕੀਤਾ ਸੀ ਕਿ ਚੰਗਾ ਕਲਾਕਾਰ ਬਣਨ ਲਈ ਸਹੀ ਟਰੇ-ਨਿੰਗ ਕਿੰਨੀ ਜ਼ਰੂਰੀ ਹੁੰਦੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਪਿਤਾ ਦੀ ਸਲਾਹ ਉੱਤੇ ਅਮਲ ਕਰਦੇ ਹੋਏ ਸੁਹਾਨਾ ਸਖਤ ਮਿਹਨਤ ਕਰ ਰਹੀ ਹੈ। ਪਿਛਲੇ ਸਾਲ ਲੰਡਨ ਵਿੱਚ ਉਸ ਨੇ ਨਾਟਕ ਵਿੱਚ ਕੰਮ ਕੀਤਾ ਸੀ। ਉਸ ਦੀ ਐਕਟਿੰਗ ਦੀ ਤਾਰੀਫ ਖੁਦ ਪਿਤਾ ਸ਼ਾਹਰੁਖ ਨੇ ਵੀ ਕੀਤੀ ਸੀ।

## 'ਸਾਹੋ' ਵਿੱਚ ਜੈਕੀ ਸ਼ਰਾਫ ਦਾ ਨੈਗੇਟਿਵ ਕਿਰਦਾਰ



ਪ੍ਰਭਾਸ ਅਤੇ ਸ਼ਰਧਾ ਕਪੂਰ ਦੀ ਫਿਲਮ 'ਸਾਹੋ' ਵਿੱਚ ਸਾਰੇ ਕਿਰਦਾਰ ਇੱਕ ਇੱਕ ਕਰ ਕੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਅਜੇ ਦੋ ਦਿਨ ਪਹਿਲਾਂ ਹੀ ਨੀਲ ਨਿਤਿਨ ਮੁਕੇਸ਼ ਦੀ ਤਸਵੀਰ ਸਾਹਮਣੇ ਆਈ ਸੀ ਅਤੇ ਫਿਰ ਜੈਕੀ ਸ਼ਰਾਫ ਦਿਲਚਸਪ ਤਸਵੀਰ ਨਾਲ ਸਾਹਮਣੇ ਆ ਗਏ ਹਨ। ਬਾਲੀਵੁੱਡ ਦੇ ਸੀਨੀਅਰ ਕਲਾਕਾਰ ਜੈਕੀ ਸ਼ਰਾਫ ਨੇ ਇਸ ਬਹੁ-ਭਾਸ਼ੀ ਫਿਲਮ ਵਿੱਚ ਨੈਗੇਟਿਵ ਕਿਰਦਾਰ ਨਿਭਾਇਆ ਅਤੇ ਜੋ ਤਸਵੀਰ ਸਾਹਮਣੇ ਆਈ ਹੈ, ਉਸ ਵਿੱਚ ਉਸ ਦੀ ਲੁਕ ਵੀ ਉਹੋ ਜਿਹੀ ਦਿੱਸ ਰਹੀ ਹੈ। ਇਸ ਤਸਵੀਰ ਨਾਲ ਅਭਿਨੇਤਾ ਦਾ ਬਿਆਨ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ, 'ਇਸ ਐਕਸ਼ਨ ਫਿਲਮ ਵਿੱਚ ਬਿਹਤਰੀਨ ਕਿਰਦਾਰ ਨਿਭਾ ਕੇ ਖੁਸ਼ ਹਾਂ। ਇਸ ਵਿੱਚ ਮੈਂ ਵਿਲੇਨ ਦੇ ਕਿਰਦਾਰ ਵਿੱਚ ਹਾਂ, ਇਸ ਲਈ ਮੈਨੂੰ ਨਾ ਗਾਣੇ ਦੀ ਜ਼ਰੂਰਤ ਪਈ ਅਤੇ ਨਾ ਹੀ ਡਾਂਸ ਦੀ।'

ਜੈਕੀ ਨੇ ਦੱਸਿਆ, "ਮੇਰੀ ਪਹਿਲੀ ਫਿਲਮ 1982 ਵਿੱਚ 'ਸਵਾਮੀ ਦਾਦਾ' ਸੀ, ਜਿਸ ਵਿੱਚ ਮੇਰੇ ਨਾਲ ਸ਼ਕਤੀ ਕਪੂਰ ਸਨ। ਮੈਂ ਹਮੇਸ਼ਾ ਤੋਂ ਫਿਲਮਾਂ ਵਿੱਚ ਮਜ਼ਬੂਤ ਕਿਰਦਾਰ ਕਰਨਾ ਚਾਹੁੰਦਾ ਸੀ, ਜੋ ਪ੍ਰਭਾਵਸ਼ਾਲੀ ਹੋਵੇ। ਉਹ 'ਹੀਰੋ' ਦਾ ਵੀ ਹੋ ਸਕਦਾ ਹੈ ਅਤੇ ਨੈਗੇਟਿਵ ਵੀ।" ਉਨ੍ਹਾਂ ਕਿਹਾ ਕਿ ਮੇਰੀ ਫਿਲਮ 'ਮਿਸ਼ਨ ਕਸ਼ਮੀਰ' ਨੂੰ ਲੋਕ ਅਜੇ ਤੱਕ ਨਹੀਂ ਭੁੱਲੇ ਹੋਣਗੇ, ਜਿਸ ਵਿੱਚ ਮੈਂ ਵਿਲੇਨ ਦਾ ਕਿਰਦਾਰ ਨਿਭਾਇਆ ਸੀ। ਨਾਲ ਉਨ੍ਹਾਂ ਨੇ ਪ੍ਰਭਾਸ ਦੇ ਨਾਲ ਸਕਰੀਨ ਸ਼ੇਅਰ ਕਰਨ ਨੂੰ ਵੀ ਖੁਦ ਦੇ ਲਈ ਅਨੋਖਾ ਪਲ ਦੱਸਿਆ। ਗੌਰ ਤਲਬ ਹੈ ਕਿ ਜੈਕੀ ਸ਼ਰਾਫ ਆਪਣੇ ਜੀਵਨ ਵਿੱਚ ਸਾਰਿਆਂ ਦਾ ਸਨਮਾਨ ਕਰਦੇ ਹਨ, ਚਾਹੇ ਉਹ ਸਪਾਟ ਬੁਆਏ ਹੀ ਕਿਉਂ ਨਾ ਹੋਵੇ। ਇਸੇ ਕਾਰਨ ਬਾਲੀਵੁੱਡ ਵਿੱਚ ਉਨ੍ਹਾਂ 'ਡਾਰਲਿੰਗ' ਦੇ ਉਪਨਾਮ ਨਾਲ ਪੁਕਾ-ਰਆ ਜਾਂਦਾ ਹੈ।

## ਅਭੈ ਦਿਓਲ ਦੀ ਸੋਲੋ ਥ੍ਰਿਲਰ



ਅਭੈ ਦਿਓਲ ਨੇ ਕਰੀਬ ਇੱਕ ਦਹਾਕਾ ਪਹਿਲਾਂ ਆਪਣੀ ਪ੍ਰੇਮਿਕਾ ਪ੍ਰੀਤੀ ਦੇਸਾਈ ਨੂੰ ਲਾਂਚ ਕਰਨ ਲਈ 'ਵਨ ਬਾਇ ਟੂ ਹਾਫ' ਨਾਮੀ ਇੱਕ ਫਿਲਮ ਬਣਾਈ ਸੀ, ਪਰ ਨਾ ਫਿਲਮ ਚੱਲੀ ਅਤੇ ਨਾ ਉਸ ਦਾ ਰਿਸ਼ਤਾ। ਅੱਜਕੱਲ੍ਹ ਅਭੈ ਇੱਕ ਹੋਰ ਫਿਲਮ ਪ੍ਰੋਡਿਊਸ ਕਰਨ ਬਾਰੇ ਸੋਚ ਰਿਹਾ ਹੈ। ਫਿਲਮ ਦਾ ਨਾਂ ਹੋਵੇਗਾ 'ਰੈਟ ਆਨ ਹਾਈਵੇ', ਜੋ ਸੋਲੋ ਥ੍ਰਿਲਰ ਹੋਵੇਗੀ। ਉਹ ਇਸ ਦਾ ਨਿਰਮਾਣ ਹੀ ਨਹੀਂ, ਇਸ ਵਿੱਚ ਲੀਡ ਰੋਲ ਵੀ ਕਰੇਗਾ। ਉਸ ਨੇ ਇਮਤਿਆਜ਼ ਅਲੀ ਨਿਰਦੇਸ਼ਿਤ ਫਿਲਮ 'ਸੋਚਾ ਨਾ ਥਾ' ਨਾਲ ਡੈਬਿਊ ਕੀਤਾ ਸੀ, ਜਿਸ ਵਿੱਚ ਉਸ ਦੇ ਆਪੋਜ਼ਿਟ ਆਇਸ਼ਾ ਟਾਕੀਆ ਸੀ। ਉਹ ਫਿਲਮ ਵੀ ਰੋਡ ਟਰਿੱਪ 'ਤੇ ਆਧਾਰਤ ਸੀ, ਪਰ ਉਸ ਦੀ ਨਵੀਂ ਫਿਲਮ ਹਾਈਵੇ 'ਤੇ ਆਪਣੀ ਕਾਰ ਵਿੱਚ ਫਸੇ ਇੱਕ ਵਿਅਕਤੀ ਬਾਰੇ ਹੈ, ਜਿਸ ਨੂੰ ਸ਼ੁਜੀਤ ਸਰਕਾਰ ਦੇ ਸਹਾਇਕਾਂ 'ਚੋਂ ਇੱਕ ਵਿਵੇਕ ਚੌਹਾਨ ਵੱਲੋਂ ਨਿਰਦੇਸ਼ਿਤ ਕੀਤਾ ਜਾਵੇਗਾ।

'ਜ਼ਿੰਦਗੀ ਮਿਲੇਗੀ ਨਾ ਦੋਬਾਰਾ' ਵਰਗੀ ਹਿੱਟ ਫਿਲਮ ਦਾ ਹਿੱਸਾ ਰਹਿ ਚੁੱਕਾ ਅਭੈ ਪਿਛਲੀ ਵਾਰ ਇੱਕ ਵੈਬ ਫਿਲਮ 'ਚਾਪ ਸਟਿਕਸ' ਵਿੱਚ ਨਜ਼ਰ ਆਇਆ ਸੀ। ਬਾਲੀਵੁੱਡ ਵਿੱਚ ਉਸ ਦੀ ਫਿਲਮ 'ਦ ਜੰਗਲ ਕ੍ਰਾਈ' ਰਿਲੀਜ਼ ਲਈ ਤਿਆਰ ਹੈ। ਅਭੈ ਦਾ ਮੰਨਣਾ ਹੈ ਕਿ ਸਿਨੇਮਾ ਭਾਸ਼ਾਵਾਂ ਦੇ ਬੰਧਨ ਨੂੰ ਨਹੀਂ ਮੰਨਦਾ ਅਤੇ ਇਸ ਲਈ ਸ਼ਾਇਦ ਉਸ ਨੇ ਇੱਕ ਤਮਿਲ ਫਿਲਮ ਵਿੱਚ ਕੰਮ ਕਰਨ ਨੂੰ ਵੀ ਹਾਂ ਕਰ ਦਿੱਤੀ। ਜਲਦੀ ਹੀ ਉਹ ਤਮਿਲ ਫਿਲਮ 'ਹੀਰੋ' ਵਿੱਚ ਵਿਲੇਨ ਦਾ ਅਹਿਮ ਰੋਲ ਕਰਨ ਜਾ ਰਿਹਾ ਹੈ। ਉਸ ਨੂੰ ਇਸ ਫਿਲਮ ਦੀ ਕਹਾਣੀ ਬਹੁਤ ਦਿਲਚਸਪ ਅਤੇ ਰੋਮਾਂਚਕ ਲੱਗੀ ਅਤੇ ਇਸ ਲਈ ਉਸ ਨੇ ਹੋਰ ਕੁਝ ਸੋਚੇ ਬਗੈਰ ਤੁਰੰਤ ਇਸ ਲਈ ਆਪਣੀ ਰਜ਼ਾਮੰਦੀ ਦੇ ਦਿੱਤੀ।

## ਦਿਸ਼ਾ ਪਟਾਨੀ ਦਾ ਨਖਰੀਲਾ ਵਤੀਰਾ




ਦਿਸ਼ਾ ਪਟਾਨੀ ਇਨ੍ਹੀਂ ਦਿਨੀਂ ਆਪਣੀ ਤਾਜ਼ਾ ਰਿਲੀਜ਼ ਫਿਲਮ 'ਭਾਰਤ' ਦੀ ਸਕਸੈੱਸ ਨੂੰ ਇੰਜੁਆਏ ਕਰ ਰਹੀ ਹੈ। ਕੁਝ ਸਮਾਂ ਪਹਿਲਾਂ ਸ਼ੂਟਿੰਗ ਸ਼ਡਿਊਲ ਦੇ ਦੌਰਾਨ ਸੈੱਟ 'ਤੇ ਉਸ ਨੂੰ ਸੱਟ ਲੱਗ ਗਈ, ਪਰ ਇਸ ਦੇ ਬਾਅਦ ਵੀ ਉਸ ਨੇ ਕੰਮ ਜਾਰੀ ਰੱਖਿਆ। ਉਸ ਦੇ ਇਸ ਪ੍ਰੋਫੈਸ਼ਨਲ ਐਟੀਚਿਊਡ ਦੀ ਕਾਫੀ ਤਾਰੀਫ ਹੋਈ ਸੀ। ਸੂਤਰਾਂ ਮੁਤਾਬਕ ਦਿਸ਼ਾ ਜਿਨ੍ਹਾਂ ਫਿਲਮਾਂ ਦੀ ਸ਼ੂਟਿੰਗ ਕਰ ਰਹੀ ਹੈ, ਉਸ ਦੇ ਸੈੱਟ ਤੋਂ ਉਸ ਦੇ ਨਖਰਿਆਂ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ।

ਚਰਚਾ ਹੈ ਕਿ ਦਿਸ਼ਾ ਦਾ ਇਹ ਵਤੀਰਾ ਪਿਛਲੇ ਕੁਝ ਸਮੇਂ ਤੋਂ ਹੈ ਤੇ ਇਸ ਤੋਂ ਫਿਲਮਾਂ ਦੇ ਪ੍ਰੋਡਿਊਸਰ ਪ੍ਰੇਸ਼ਾਨ ਹਨ ਕਿਉਂਕਿ ਇਸ ਕਾਰਨ ਫਿਲਮ ਦੀ ਸ਼ੂਟਿੰਗ ਵਿੱਚ ਰੁਕਾਵਟ ਆ ਰਹੀ ਹੈ। ਪ੍ਰੋਡਕਸ਼ਨ ਨਾਲ ਜੁੜੇ ਇੱਕ ਸੂਤਰ ਨੇ ਦੱਸਿਆ, ਦਿਸ਼ਾ ਦਾ ਵਤੀਰਾ ਪਿਛਲੇ ਕੁਝ ਸਮੇਂ ਤੋਂ ਬਦਲਿਆ ਹੋਇਆ ਹੈ। ਉਹ ਸੈੱਟ 'ਤੇ ਲੰਬੇ ਸਮੇਂ ਲਈ ਨਹੀਂ ਰੁਕਦੀ ਅਤੇ ਜਦੋਂ ਅਜਿਹਾ ਹੁੰਦਾ ਹੈ ਤਾਂ ਉਹ ਚਾਹੁੰਦੀ ਹੈ ਕਿ ਸਭ ਕੁਝ ਉਸ ਦੇ ਮੁਤਾਬਕ ਹੋਵੇ। ਸੂਤਰ ਨੇ ਅੱਗੇ ਦੱਸਿਆ ਕਿ ਹਰ ਕਮਿਟਮੈਂਟ ਦੇ ਨਾਲ ਦਿਸ਼ਾ ਦੇ ਫੈਸਲੇ ਅੱਗੇ ਪਿੱਛੇ ਹੁੰਦੇ ਰਹਿੰਦੇ ਹਨ ਅਤੇ ਹਰ ਸਮੇਂ ਉਸ ਦਾ ਇਹੋ ਮੂਡ ਪ੍ਰੋਡਿਊਸਰਾਂ ਨੂੰ ਪਰੇਸ਼ਾਨ ਕਰਦਾ ਹੈ। ਦੱਸਣਾ ਬਣਦਾ ਹੈ ਕਿ ਦਿਸ਼ਾ ਹੁਣ ਫਿਲਮ 'ਮਲੰਗ' ਵਿੱਚ ਨਜ਼ਰ ਆਏਗੀ। ਇਸ ਫਿਲਮ ਵਿੱਚ ਉਸ ਦੇ ਨਾਲ ਆਦਿੱਤਯ ਰਾਏ ਕਪੂਰ ਅਤੇ ਅਨਿਲ ਕਪੂਰ ਵੀ ਦਿਖਾਈ ਦੇਣਗੇ।




www.BramptonTopRelator.com
JAG AUJLA REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply

Top 1% Ranked Broker
Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON
ਕੈਨੇਡੀ / ਡੋਗੱਲ
ਬਹੁਤ ਹੀ ਸੋਹਣਾ ਤੇ ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੁਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਇਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ।

BRAMPTON
ਕੰਟਰੀਸਾਈਡ / ਮੇਅਫਿਲਡ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON
ਬੋਵੇਰਡ/ਚਿੰਗੂਜੀ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੇਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

CALEDON
ਸੈਂਟ ਏਡਰੀਉ/ ਹਾਈਵੇ 24
SOLD! SOLD! SOLD! AT BEST PRICE

BRAMPTON
ਵੈਨ ਕ੍ਰਕ/ਵੇਨਲੈਸ/ਮੇਅਫਿਲਡ
SOLD AT 99% OF ASKING PRICE IN 2 DAYS

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca, WestJet vacations, transat, sunwing, AIR CANADA VACATIONS, tico.ca, IATA
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com



INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677
IFS



Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



TechSpirit
Consultation, Installation & Servicing
Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount

LG UHD TV $350 $400 $480
TV WALL MOUNTS STARTING FROM $9.99
For online shopping visit www.techspirit.ca
– SAME DAY SHIPPING – 100% SECURE PAYMENT
T.V WALL MOUNT ਵੀ ਇੰਸਟਾਲ ਕਰਦੇ ਹਨ
Call: 905-621-4100
7-8770 The Gore Road, Brampton, ON L6P 0B1
Opening Times
Mon - Sat 10 AM - 8 PM
Sunday 10 AM - 6 PM

# ਪੰਜਾਬੀ ਪੋਸਟ ਦੇ ਸਲਾਨਾ ਬਾਰਬੀਕਿਊ ਉਤੇ ਪ੍ਰੀਮੀਅਰ ਡੱਗ ਫੋਰਡ ਸਮੇਤ ਪੀਸੀ, ਲਿਬਰਲ, ਐਨਡੀਪੀ, ਬਰੈਂਪਟਨ ਕੌਂਸਲ ਅਤੇ ਭਾਰਤੀ ਕੌਂਸਲ ਜਨਰਲ ਦੇ ਨੁਮਾਇੰਦਿਆਂ ਨੇ ਗਰੇਵਾਲ ਪਰਿਵਾਰ ਨੂੰ ਦਿੱਤੀਆਂ ਸ਼ੁਭ ਇੱਛਾਵਾਂ

































...ਪੰਨਾ 1 ਦਾ ਬਾਕੀ

ਇਸੇ ਤਰ੍ਹਾਂ ਐਨਡੀਪੀ ਤੋਂ ਗੁਰਰਤਨ ਸਿੰਘ, ਮਨਦੀਪ ਕੌਰ, ਸ਼ਰਨਜੀਤ ਸਿੰਘ, ਨਵਜੀਤ ਕੌਰ ਸ਼ਾਮਲ ਹੋਏ। ਫੈਡਰਲ ਕੰਜ਼ਰਵੇਟਿਵ ਤੋਂ ਉਮੀਦਵਾਰ ਅਰਪਨ ਖੰਨਾ, ਸਰਬਜੀਤ ਕੌਰ, ਰਮਨ ਬਰਾੜ ਅਤੇ ਕਾਇਲ ਸੀਬੈਕ ਨੇ ਸ਼ਮੂਲੀਅਤ ਕੀਤੀ। ਲਿਬਰਲ ਤੋਂ ਐਮਪੀ ਰੂਬੀ ਸਹੋਤਾ, ਸਾਬਕਾ ਐਮਪੀ ਗੁਰਬਖਸ਼ ਸਿੰਘ ਮੱਲ੍ਹੀ, ਐਮਪੀ ਸੋਨੀਆ ਸਿੱਧੂ ਦੇ ਭਰਾ ਦੇ ਨਾਲ-ਨਾਲ ਉਨ੍ਹਾਂ ਦੇ ਪਤੀ ਗੁਰਜੀਤ ਸਿੱਧੂ ਨੇ ਸ਼ਿਰਕਤ ਕੀਤੀ। ਬਰੈਂਪਟਨ ਤੋਂ ਮੇਅਰ ਪੈਟ੍ਰਿਕ ਬ੍ਰਾਊਨ ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ, ਕੌਂਸਲਰ ਹਰਕੀਰਤ ਸਿੰਘ, ਟੋਰਾਂਟੋ ਤੋਂ ਸਾਬਕਾ ਸਕੂਲ ਟਰੱਸਟੀ ਅਵਤਾਰ ਮਿਨਹਾਸ, ਪੰਜਾਬ ਤੋਂ ਸਾਬਕਾ ਐਮਐਲਏ ਦਰਸ਼ਨ ਸਿੰਘ ਸ਼ਿਵਾਲਿਕ ਅਤੇ ਜਥੇਦਾਰ ਨੌਰੰਗ ਸਿੰਘ ਹਰੀਆਂ ਵੇਲਾਂ ਵਾਲੇ ਉਚੇਚੇ ਤੌਰ ਉਤੇ ਪਹੁੰਚੇ। ਵੱਖ-ਵੱਖ ਸਪੋਰਟਸ ਕਲੱਬਾਂ ਦੇ ਸੰਚਾਲਕ, ਜਿਨ੍ਹਾਂ ਵਿਚ ਮੈਟਰੋ, ਯੰਗ, ਇੰਟਰਨੈਸ਼ਨਲ, ਓਕੇਸੀ, ਲਾਇੰਜ਼ ਮਾਲਟਨ, ਟੋਰਾਂਟੋ ਪੰਜਾਬੀ, ਕੈਨਸਿੱਖ ਅਤੇ ਦੇਸ਼ ਭਗਤ ਦੇ ਨਮਾਇੰਦਿਆਂ ਨੇ ਹਾਜਰੀ ਲਗਵਾਈ। ਸੈਂਚੁਰੀ 21 ਪ੍ਰੈਜ਼ੀਡੈਂਟ ਰੀਆਲਟੀ ਤੋਂ ਬ੍ਰੋਕਰ ਆਫ ਰਿਕਾਰਡ ਤੇ ਟਰੈਂਬ ਦੇ ਪ੍ਰੈਜ਼ੀਡੈਂਟ ਗੁਰਚਰਨ ਭੌਰਾ, ਹੋਮ ਲਾਈਫ ਸਿਲਵਰ ਸਿਟੀ ਤੋਂ ਅਜੀਤ ਗਰਚਾ, ਬਲਜੀਤ ਗਰਚਾ ਤੇ ਹਾਰਪ ਗਰੇਵਾਲ ਦੇ ਨਾਲ-ਨਾਲ ਬਹੁਤ ਸਾਰੇ ਸਾਥੀ ਰੀਐਲਟਰਾਂ ਨੇ ਪਹੁੰਚ ਕੇ ਸੁਭ ਇਛਾਵਾਂ ਦਿੱਤੀਆਂ। ਰੈਕਸਡੇਲ ਫਾਈਨੈਸ਼ੀਅਲ ਤੋਂ ਜਸਪਾਲ ਗਹੂਨੀਆ, ਮਲਟੀ ਕਲਚਰਲ ਗੌਲਫ ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਨੱਤ, ਪ੍ਰਸਿੱਧ ਬਿਜ਼ਨਸਮੈਨ ਜਸਵੰਤ ਦਾਸ, ਹਰਪਾਲ ਸੰਧੂ, ਬੌਬੀ ਸਿੱਧੂ, ਜੱਜ ਬੌਬੀ ਹੁੰਦਲ, ਪਾਪੂਲਰ ਟਾਇਰ ਸੈਂਟਰ, ਨਿਊ ਮਿਲੇਨੀਅਮ ਟਾਇਰ ਸੈਂਟਰ, ਐਚਕੇ ਟਾਇਰ ਸੈਂਟਰ ਅਤੇ ਇਸ ਦੇ ਨਾਲ-ਨਾਲ ਵੱਡੀ ਗਿਣਤੀ ਵਿਚ ਮੀਡੀਆ ਦੀਆਂ ਜਾਣੀਆਂ ਪਹਿਚਾਣੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਇਸੇ ਤਰ੍ਹਾਂ ਅਕਾਲੀ ਦਲ ਦੇ ਕੈਨੇਡਾ ਈਸਟ ਇਕਾਈ ਦੇ ਨੁਮਾਇੰਦੇ ਜਸਵੀਰ ਢੱਟ, ਗੋਲੂ ਇਆਲੀ, ਬਿੱਟੂ ਸਹੋਤਾ, ਸੀਲੋਆਣੀ ਅਤੇ ਹੋਰ ਸੱਜਣ ਹੁਮ-ਹੁੰਮਾ ਕੇ ਪਹੁੰਚੇ। ਇਸ ਮੌਕੇ ਜਗਦੀਸ਼ ਗਰੇਵਾਲ ਨੇ ਆਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਤੁਸੀਂ ਸਾਰੇ ਹੀ ਜਾਣੀਆਂ ਪਹਿਚਾਣੀਆਂ ਸ਼ਖਸੀਅਤਾਂ ਹੋ। ਹਰ ਕਿਸੇ ਦਾ ਨਾਮ ਲਿਖਣਾ ਤੇ ਬੋਲਣਾ ਸੰਭਵ ਨਹੀਂ ਹੋ ਸਕੇਗਾ।